
ISSN 0972-2335

**Posting Date**
01 ਅਗਸਤ 2016

# ਅੰਮ੍ਰਿਤ ਕੀਰਤਨ

## ਅਗਸਤ 2016




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਦੂਜਾ ਰੰਗ

ਪੁੱਤਰ, ਚਾਰ ਚੰਨ ਲਾ ਕੇ ਨਾਂਮ ਤਾਈਂ,

ਸਣੇ ਸੁੱਖਾਂ ਦੇ ਦੀਪ ਜਗਾਂਵਦਾ ਰਹੇਂ।

ਮਿੱਠ ਬੋਲੜਾ ਹੋਵੇ ਸੁਭਾਅ ਤੇਰਾ,

ਆਪਣੇ ਮਾਪਿਆਂ ਦੀ ਸ਼ੋਭਾ ਵਧਾਂਵਦਾ ਰਹੇਂ।

ਸੂਰਤ ਤੱਕੇ ਕੇ ਹਰ ਕੋਈ ਖੁਸ਼ ਹੋਵੇ,

ਨੀਵੀਂ ਨਜ਼ਰ ਕਰ ਹੇਠੋਂ ਸ਼ਰਮਾਂਵਦਾ ਰਹੇਂ।

ਸਿੰਘ ਸੂਰਮਾ, ਬਣ ਤਿਆਰ ਰਹੀਂ,

ਗੱਜ ਵੱਜ ਕੇ ਫ਼ਤਿਹ ਬੁਲਾਂਵਦਾ ਰਹੇਂ।

ਸੇਵਾ ਮਾਪਿਆਂ ਦੀ ਕਰ ਖੁਸ਼ ਰਹਿਣਾ,

ਆਗਿਆਕਾਰ ਬਣ ਜੀਵਨ ਬਿਤਾਂਵਦਾ ਰਹੇਂ।

ਪ੍ਰਾਤਾਕਾਲ ਉਠ ਸੋਚ ਇਸ਼ਨਾਨ ਮਗਰੋਂ,

ਪਾਠ ਕਰ ਗੁਰਦੁਆਰੇ ਨੂੰ ਜਾਂਵਦਾ ਰਹੇਂ।

ਚਰਨ ਸ਼ਰਨ ਪੈ ਕੇ ਆਪੂੰ ਵੱਡਿਆਂ ਦੀ,


ਹੱਥ ਬੰਨ੍ਹ ਕੇ ਸੀਸ ਨਿਵਾਂਵਦਾ ਰਹੇਂ।

ਗੁਰੂ ਮਿਹਰ ਕਰੇ ਪ੍ਰਭੂ ਵਲ ਧਿਆਨ ਕਰਕੇ,

ਭੁੱਲਾਂ ਕੀਤੀਆਂ ਤਾਈ ਬਖ਼ਸ਼ਾਂਵਦਾ ਰਹੇਂ।

ਤੈਨੂੰ ਉਮਰ ਦੇਵੇ ਰੱਬ ਬਹੁਤ ਲੰਬੀ,

ਹੱਸ ਹੱਸ ਕੇ ਖ਼ੁਸ਼ੀ ਮੰਨਾਵਦਾ ਰਹੇਂ।



**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ

- ▲ ਇਕ ਕਾਪੀ 15 ਰੁ.,
  ਦੇਸ਼ ਸਾਲਾਨਾ ਚੰਦਾ 150 ਰੁ.
  ਜੀਵਨ ਮੈਂਬਰ ਚੰਦਾ 1500 ਰੁ.
- ▲ ਵਿਦੇਸ਼: ਸਲਾਨਾ ਚੰਦਾ 30 £, ਜੀਵਨ ਮੈਂਬਰ ਚੰਦਾ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ–


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਸੰਪਾਦਕੀ : ਕਰਉ ਬੇਨਤੀਆ-ਇਹੀ ਤੇਰਾ ਅਉਸਰੁ 4

ਰਾਕ ਮਲਾਰ ਅਤੇ ਗੁਰਬਾਣੀ ਦਾ ਅੰਤਰ ਸਬੰਧ
ਡਾ. ਜਾਗੀਰ ਸਿੰਘ 6

ਪ੍ਰਿੰਸੀਪਲ ਦਿਆਲ ਸਿੰਘ ਕ੍ਰਿਤ ਸੰਗੀਤ ਪੁਸਤਕਾਂ :
ਵਿਸ਼ਲੇਸ਼ਣ ਅਤੇ ਸਾਰਥਕਤਾ ਡਾ. ਰਿਸ਼ਪਾਲ ਸਿੰਘ 10

ਕੰਠ-ਸਾਧਨਾ-ਡਾ. ਅਮਰਿੰਦਰ ਸਿੰਘ 14

ਤਬਲਾ ਵਾਦਨ ਵਿਚ ਹਸਤ ਸਾਧਨਾ ਦਾ ਮਹੱਤਵ
ਅਤੇ ਇਸ ਦੀ ਵਿਧੀ- ਡਾ. ਪਰਮਜੀਤ ਸਿੰਘ 16

ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ
ਭਾਈ ਗੁਰਮੀਤ ਸਿੰਘ ਜੋਸ਼ 18

ਸੁਰ ਲਿਪੀ-ਰਾਗ ਆਸਾਵਰੀ-ਹਰਿਭਜਨ ਸਿੰਘ 22

ਡੀਨ ਅਕਾਦਮਿਕ -ਡਾ. ਗੁਰਨਾਮ ਸਿੰਘ 23


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-

# ਇਹੀ ਤੇਰਾ ਅਉਸਰੁ

ਲਗਭਗ ਤੀਹ ਸਾਲ ਪਹਿਲਾਂ ਇੱਕ ਕੈਸਟ ਰਿਕਾਰਡ ਕਰਵਾਈ ਸੀ -ਭਜਹੁ ਗੋਬਿੰਦ- ਇਸ ਦਾ ਪਹਿਲਾ ਸ਼ਬਦ -ਭਜਹੁ ਗੋਬਿੰਦ ਭੂਲ ਮਤ ਜਾਹੁ- ਅਜੇ ਵੀ ਕਈ ਵਾਰ ਸੁਣਦਾ ਹਾਂ। ਇਸ ਕੈਸਟ ਨਾਲ ਕਈ ਸੁਖਾਵੀਆਂ ਯਾਦਾਂ ਜੁੜੀਆਂ ਹੋਈਆਂ ਹਨ ਪਰ ਇਹਨਾਂ ਦਾ ਜ਼ਿਕਰ ਕਰਨਾ ਆਪਣੇ ਮੂਹੋਂ ਮੀਆਂ ਮਿਠੂ ਬਣਨ ਵਾਲੀ ਗੱਲ ਬਣ ਜਾਂਦੀ ਹੈ। ਖੈਰ ਭਗਤ ਕਬੀਰ ਜੀ ਦੇ ਇਸ ਸ਼ਬਦ ਤੋਂ ਮੈਨੂੰ ਆਪਣੇ ਨਿਸ਼ਾਨੇ ਪ੍ਰਾਪਤ ਕਰਨ ਲਈ ਸੁਚੇਤ ਹੋਣ ਤੇ ਲਗਾਤਾਰ ਜਤਨ ਕਰਨ ਦੀ ਪ੍ਰੇਰਨਾ ਮਿਲਦੀ ਹੈ।

ਕਬੀਰ ਜੀ ਇਸ ਜੀਵਨ ਨੂੰ ਇਕ ਅਵਸਰ ਮੌਕਾ ਦਸਦੇ ਹਨ ਅਜਿਹਾ ਮੌਕਾ ਜਿਸ ਲਈ ਦੇਵਤੇ ਵੀ ਤਰਸਦੇ ਹਨ। ਇਹ ਇੰਜ ਹੀ ਹੈ ਜਿਵੇਂ ਕਈ ਖਿਡਾਰੀ ਓਲੰਪਿਕ ਵਿੱਚ ਖੇਡਣ ਲਈ ਮੌਕੇ ਤਲਾਸ਼ਦੇ ਹਨ। ਪਰ ਇਹ ਮੌਕੇ ਐਵੇਂ ਹੀ ਨਹੀਂ ਮਿਲਦੇ ਅਤੇ ਜਦੋਂ ਇਹ ਮੌਕਾ ਮਿਲਦਾ ਹੈ ਤਾਂ ਖਿਡਾਰੀ ਉਸਨੂੰ ਅਜਾਈਂ ਨਹੀਂ ਗੁਆਉਂਦੇ ਸਗੋਂ ਉਹ ਮੈਡਲ ਪ੍ਰਾਪਤ ਕਰਨ ਲਈ ਆਪਣੀ ਵਾਹ ਲਾ ਦਿੰਦੇ ਹਨ। ਇਸ ਪ੍ਰਸੰਗ ਵਿੱਚ ਭਗਤ ਜੀ ਦਾ ਇਹ ਸ਼ਬਦ ਵਾਚੀਏ ਤਾਂ ਇਹ ਜੀਵਨ ਅਣਮੁੱਲਾ ਜਾਪਣ ਲੱਗ ਪੈਂਦਾ ਹੈ-

**ਗੁਰ ਸੇਵਾ ਤੇ ਭਗਤਿ ਕਮਾਈ ॥**

**Serving the Guru, devotional worship is practiced.**

**ਤਬ ਇਹ ਮਾਨਸ ਦੇਹੀ ਪਾਈ ॥**

**Then, this human body is obtained.**

**ਇਸ ਦੇਹੀ ਕਉ ਸਿਮਰਹਿ ਦੇਵ ॥**

**Even the gods long for this human body.**

**ਸੋ ਦੇਹੀ ਭਜੁ ਹਰਿ ਕੀ ਸੇਵ ॥੧॥**

**So vibrate that human body, and think of serving the Lord. ||1||**

**ਭਜਹੁ ਗੋਬਿੰਦ ਭੂਲਿ ਮਤ ਜਾਹੁ ਗ**

**Vibrate, and meditate on the Lord of the Universe, and never forget Him.**

**ਮਾਨਸ ਜਨਮ ਕਾ ਏਹੀ ਲਾਹੁ ॥੧॥ ਰਹਾਉ ॥**

**This is the blessed opportunity of this human incarnation. ||1||Pause||**

**ਜਬ ਲਗੁ ਜਰਾ ਰੋਗੁ ਨਹੀ ਆਇਆ ॥**

**As long as the disease of old age has not come to the body,**

**ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥**

**And as long as death has not come and seized the body,**

**ਜਬ ਲਗੁ ਬਿਕਲ ਭਈ ਨਹੀ ਬਾਨੀ ॥**

**And as long as your voice has not lost its power,**

**ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥**

**O mortal being, vibrate and meditate on the Lord of the World. ||2||**

ਅਬ ਨ ਭਜਸਿ ਭਜਸਿ ਕਬ ਭਾਈ ॥

If you do not vibrate and meditate on Him now, when will you, O Sibing of D

ਆਵੈ ਅੰਤੁ ਨ ਭਜਿਆ ਜਾਈ ॥

When the end comes, you will not be able to vibrate and meditate on Him.

ਜੋ ਕਿਛੁ ਕਰਹਿ ਸੋਈ ਅਬ ਸਾਰੁ ॥

Whatever you have to do - now is the best time to do it.

ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥੩॥

Otherwise, you shall regret and repent afterwards, and you shall not be can
side. ||3||

ਸੋ ਸੇਵਕੁ ਜੋ ਲਾਇਆ ਸੇਵ ॥

He alone is a servant, whom the Lord enjoins to His service.

ਤਿਨ ਹੀ ਪਾਏ ਨਿਰੰਜਨ ਦੇਵ ॥

He alone attains the Immaculate Divine Lord.

ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥

Meeting with the Guru, his doors are opened wide,

ਬਹੁਰਿ ਨ ਆਵੈ ਜੋਨੀ ਬਾਟ ॥੪॥

And he does not have to journey again on the path of reincarnation. ||4||

ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥

This is your chance, and this is your time.

ਘਟ ਭੀਤਰਿ ਤੂ ਦੇਖੁ ਬਿਚਾਰਿ ॥

Look deep into your own heart, and reflect on this.

ਕਹਤ ਕਬੀਰੁ ਜੀਤਿ ਕੈ ਹਾਰਿ ॥

Says Kabeer, you can win or lose.

ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥੫॥੧॥੯॥

In so many ways, I have proclaimed this out loud. ||5||1||9||

ਗੁਰਬਾਣੀ ਵਿੱਚ ਹੋਰ ਸਤਰਾਂ ਵੀ ਵਾਚਣ ਯੋਗ ਹਨ-

ਫਿਰਿ ਇਆ ਅਉਸਰੁ ਚਰੈ ਨ ਹਾਥਾ ॥

This opportunity shall not come into your hands again.

ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ ॥੩॥

You have lost the jewel of human birth by forgetting God; when will you have such an opportunity again? ||3||

ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ ॥੧॥ ਰਹਾਉ ॥

Your time is passing away; listen carefully to what I say. ||1||Pause||

ਅਉਸਰੁ ਅਪਨਾ ਬੂਝੈ ਨ ਇਆਨਾ ॥

The ignorant person does not take advantage of the opportunity.

ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ ॥੨॥

He loses the jewel, in exchange for mere glass. When will he have this blessed opportunity again?

ਨਾਨਕ ਜਨ ਕਹਿ ਪੁਕਾਰਿ ਅਉਸਰੁ ਬਿਹਾਤੁ ਹੈ ॥੨॥੨॥

Servant Nanak proclaims that this opportunity is slipping away. ||2||2||

ਭੁੱਲ ਚੁੱਕ ਖਿਮਾ

# ਰਾਗ ਮਲਾਰ ਅਤੇ ਗੁਰਬਾਣੀ ਦਾ ਅੰਤਰ-ਸਬੰਧ

ਡਾ. ਜਾਗੀਰ ਸਿੰਘ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੱਖ ਵੱਖ ਰਾਗਾਂ ਵਿਚ ਹੈ। ਗੁਰਬਾਣੀ ਅਤੇ ਰਾਗ ਦੇ ਸਬੰਧ ਦਾ ਅਧਿਐਨ ਰੌਚਕ ਵੀ ਹੈ ਅਤੇ ਸਾਰਥਕ ਵੀ। ਰਾਗ ਅਤੇ ਬਾਣੀ ਦੇ ਸਬੰਧ ਨੂੰ ਸਮਝਦਿਆਂ ਸਰੋਤਾ ਅਤੇ ਗੁਰਬਾਣੀ ਦਾ ਪਾਠਕ ਵੀ ਗੁਰਬਾਣੀ ਦੇ ਮਰਮ ਨੂੰ ਅਸਾਨੀ ਨਾਲ ਮਹਿਸੂਸ ਕਰ ਸਕਦਾ ਹੈ। ਇਸ ਲੇਖ ਵਿਚ ਅਸੀਂ ਕੇਵਲ ਮਲਾਰ ਰਾਗ ਅਤੇ ਇਸ ਰਾਗ ਵਿਚ ਦਰਜ ਬਾਣੀ ਦੇ ਸਬੰਧ ਦਾ ਅਧਿਐਨ ਕਰ ਰਹੇ ਹਾਂ।

ਮਲਾਰ ਪ੍ਰਸਿਧ ਪੁਰਾਤਨ ਅਤੇ ਮੌਸਮੀ ਰਾਗ ਵਿਚ ਹੈ। ਇਹ ਰਾਗ ਵਰਖਾ ਰੁੱਤ ਨਾਲ ਸਬੰਧਿਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਲਾਰ ਰਾਗ ਦਾ ਸਤਾਈਵਾਂ ਨੰਬਰ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ, ਭਗਤ ਨਾਮ ਦੇਵ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦਰਜ ਹੈ। ਮਲਾਰ ਰਾਗ ਦੀ ਵਿਸ਼ੇਸ਼ਤਾ ਦਰਸਾਉਂਦਿਆਂ ਗੁਰੂ ਅਮਰਦਾਸ ਜੀ ਉਚਾਰਦੇ ਹਨ:

***ਮਲਾਰ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥***

(ਸਲੋਕ ਮਹਲਾ3, ਗੁਰੂ ਗ੍ਰੰਥ ਸਾਹਿਬ ਪੰਨਾ 1238)

***ਗੁਰਮੁਖਿ ਮਲਾਰ ਰਾਗੁ ਜੋ ਕਰਹਿ***
***ਤਿਨ ਮਨੁ ਤਨੁ ਸੀਤਲੁ ਹੋਇ॥***

(ਸਲੋਕ ਮਹਲਾ 3, ਗੁਰੂ ਗ੍ਰੰਥ ਸਾਹਿਬ ਪੰਨਾ1238)

ਗੁਰਮਤਿ ਸੰਗੀਤ ਵਿਚ ਮਲਾਰ ਰਾਗ ਦੇ ਹੇਠ ਲਿਖੇ ਕਿਰਿਆਤਮਕ ਸਰੂਪ ਨੂੰ ਪ੍ਰਵਾਨ ਕੀਤਾ ਗਿਆ ਹੈ:

**ਸੁਰ:** ਦੋਵੇਂ ਨਿਸ਼ਾਦ, ਬਾਕੀ ਸੁਰ ਸ਼ੁੱਧ
**ਜਾਤੀ:** ਸੰਪੂਰਨ-ਸੰਪੂਰਨ
**ਸਮਾਂ :** ਬਰਸਾਤ ਦੀ ਰੁੱਤ ਵਿਚ ਇਹ ਰਾਗ ਹਰ ਸਮੇਂ ਗਾਇਆ ਜਾਂਦਾ ਹੈ ਪਰ ਹੋਰ ਰੁੱਤਾਂ ਇਸ ਦੇ ਗਾਉਣ ਦਾ ਵੇਲਾ ਤੀਜਾ ਪਹਿਰਾ ਹੈ।
**ਵਾਦੀ:** ਮਧਿਅਮ, **ਸੰਵਾਦੀ-ਸ਼ੜਜ**
**ਆਰੋਹ:** ਸ, ਰੇ ਗ ਮ, ਮ ਰੇ ਪ, ਨੁ ਧ ਨੀ ਸਂ
**ਅਵਰੋਹ :** ਸਂ, ਧ ਨੁ ਪ, ਮ ਗ ਮ, ਰੇ ਸ
**ਮੁੱਖ ਅੰਗ:** ਸ ਰੇ ਗ ਮ, ਮ ਰੇ ਪ, ਧ ਨੁ ਪ, ਮ ਰੇ ਸ

ਮਲਾਰ ਰਾਗ ਅਤੇ ਬਾਣੀ ਦੇ ਅੰਤਰ ਸਬੰਧ ਤੇ ਚਰਚਾ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਰਾਗ ਦਾ ਭਾਵ ਨਾਲ ਕੀ ਸਬੰਧ ਹੈ। ਇਸ ਤੋਂ ਇਹ ਸਪਸ਼ਟ ਹੋਵੇਗਾ ਕਿ ਮਲਾਰ ਰਾਗ ਦੇ ਭਾਵ ਅਤੇ ਮਲਾਰ ਰਾਗ ਵਿਚ ਦਰਜ ਗੁਰਬਾਣੀ ਦੇ ਭਾਵ ਵਿਚ ਕੀ ਸਬੰਧ ਹੈ।

ਰਾਗ ਵੱਖ ਵੱਖ ਤਰ੍ਹਾਂ ਦੀਆਂ ਉੱਚੀਆਂ ਨੀਵੀਆਂ ਸੁਰਾਂ ਤੋਂ ਬਣਦੇ ਹਨ। ਇਨ੍ਹਾਂ ਸੁਰਾਂ ਦਾ ਵੱਖ ਵੱਖ ਤਰਤੀਬ ਵਿਚ ਅਤੇ ਵੱਖ ਮਾਤਰਾ ਵਿਚ ਕੀਤਾ ਪ੍ਰਯੋਗ ਰਾਗਾਂ ਨੂੰ ਵੱਖ ਵੱਖ ਭਾਵਾਂ ਦੇ ਅਨੁਕੂਲ ਬਣਾਉਂਦਾ ਹੈ। ਭਾਰਤੀ ਸੰਗੀਤ ਅਚਾਰੀਆਂ ਨੇ ਵੱਖ ਵੱਖ ਰਾਗਾਂ ਨੂੰ ਵੱਖ ਵੱਖ ਭਾਵ ਪ੍ਰਗਟ ਕਰਨ ਵਾਲੇ ਮੰਨਿਆ ਹੈ।

ਪੁਰਾਤਨ ਕਾਲ ਵਿਚ ਰਾਗ ਨੂੰ ਜਾਤੀ ਕਿਹਾ ਜਾਂਦਾ ਸੀ। ਪੁਰਾਤਨ ਅਚਾਰੀਆ ਭਰਤ ਨੇ ਆਪਣੇ ਗ੍ਰੰਥ ਨਾਟ ਸ਼ਾਸਤਰ ਵਿਚ ਲਿਖਿਆ ਹੈ ਕਿ ਰਾਗ, ਰਸ ਅਤੇ ਜਾਤੀ ਦੇ ਸਥਾਈ ਸੁਰ ਨਾਲ ਸਬੰਧ ਰੱਖਣ ਵਾਲੇ ਰਸ ਨਾਲ ਸਬੰਧਿਤ ਵਿਸ਼ੇ ਵਾਲੀਆਂ ਕਾਵਿ ਰਚਨਾਵਾਂ ਨੂੰ ਉਸ ਜਾਤੀ ਵਿਚ ਗਾਉਣਾ ਚਾਹੀਦਾ ਹੈ। ਭਰਤ ਨੇ ਹੇਠ ਲਿਖੇ ਅਨੁਸਾਰ ਭਿੰਨ ਭਿੰਨ ਸਥਾਈ ਸੁਰਾਂ ਦਾ ਸਬੰਧ ਭਿੰਨ ਭਿੰਨ ਰਸਾਂ ਨਾਲ ਜੋੜਿਆ ਹੈ:

| ***ਸਥਾਈ ਸੁਰ*** | ***ਰਸ ਭਾਵ*** |
|---|---|
| ਸ਼ੜਜ | ਵੀਰ, ਰੌਦਰ ਅਤੇ ਅਦਭੁਤ |
| ਰਿਸ਼ਭ | ਵੀਰ, ਰੌਦਰ ਅਤੇ ਅਦਭੁਤ |
| ਗੰਧਾਰ | ਕਰੁਣ |
| ਮੱਧਮ | ਸ਼ਿੰਗਾਰ ਅਤੇ ਹਾਸ |
| ਪੰਚਮ | ਸ਼ਿੰਗਾਰ ਅਤੇ ਹਾਸ |
| ਧੈਵਤ | ਵੀਭਤਸ ਅਤੇ ਭਿਆਨਕ |
| ਨਿਸ਼ਾਦ | ਕਰੁਣ |

ਭਰਤ ਤੋਂ ਬਾਅਦ ਵਾਲੇ ਅਚਾਰੀਆਂ ਸ਼ਾਰੰਗ ਦੇਵ , ਦਾਮੋਦਰ ਪੰਡਤ ਅਤੇ ਅਹੋਬਲ ਨੇ ਵੀ ਰਾਗ ਅਤੇ ਰਸ ਦੇ ਸਿਧਾਂਤ ਬਾਰੇ ਚਰਚਾ ਕੀਤੀ ਹੈ। ਆਧੁਨਿਕ ਯੁਗ ਦੇ ਸੰਗੀਤ ਅਚਾਰੀਆ ਵਿਸ਼ਨੂੰ ਨਾਰਾਇਣ ਭਾਤਖੰਡੇ ਅਨੁਸਾਰ ਜਿਹੜੇ ਰਾਗਾਂ ਵਿਚ ਧੈਵਤ ਅਤੇ ਰਿਸ਼ਭ ਕੋਮਲ ਰੂਪ ਵਿਚ ਪ੍ਰਯੋਗ ਹੁੰਦੇ ਹਨ ਉਹ ਰਾਗ ਸ਼ਾਂਤ ਅਤੇ ਕਰੁਣ ਭਾਵਾਂ ਨੂੰ ਪ੍ਰਗਟ ਕਰਨ ਲਈ ਬੜੇ ਢੁਕਵੇਂ ਹੁੰਦੇ ਹਨ। ਜਿਹੜੇ ਰਾਗਾਂ ਵਿਚ ਰਿਸ਼ਭ ਅਤੇ ਧੈਵਤ ਸੁਰ ਸ਼ੁਧ ਰੂਪ ਵਿਚ ਪ੍ਰਯੋਗ ਹੁੰਦੇ ਹਨ ਉਹ ਰਾਗ ਸ਼ਿੰਗਾਰ ਰਸ ਦੇ ਭਾਵਾਂ ਨੂੰ ਪ੍ਰਗਟਾਉਣ

ਦੇ ਅਨੁਕੂਲ ਹੁੰਦੇ ਹਨ। ਜਿਹਨਾਂ ਰਾਗਾਂ ਵਿਚ ਕੋਮਲ ਗੰਧਾਰ ਅਤੇ ਕੋਮਲ ਨਿਸ਼ਾਦ ਸੁਰ ਪ੍ਰਯੋਗ ਹੁੰਦੇ ਹਨ ਉਹ ਰਾਗ ਵੀਰ ਰਸ ਦੇ ਭਾਵ ਪ੍ਰਗਟ ਕਰਦੇ ਹਨ। ਇਸ ਤੋਂ ਇਲਾਵਾ ਰਾਗਾਂ ਅਤੇ ਰਸਾਂ ਦਾ ਸਬੰਧ ਰਾਗਾਂ ਦੇ ਭਾਵ ਅਨੁਸਾਰ ਬਣਾਏ ਚਿੱਤਰਾਂ ਤੋਂ ਵੀ ਜਾਣਿਆ ਜਾ ਸਕਦਾ ਹੈ।

ਮਲਾਰ ਰਾਗ ਵਿਚ ਦਰਜ ਬਾਣੀ ਦੇ ਅਧਿਐਨ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਗੁਰੂ ਸਾਹਿਬਾਨ ਬਾਣੀ ਰਚਨਾ ਕਰਨ ਸਮੇਂ ਰਾਗ ਅਤੇ ਰਸ ਦੇ ਸਬੰਧ ਤੋਂ ਜਾਣੂ ਸਨ। ਗੁਰੂ ਗ੍ਰੰਥ ਸਾਹਿਬ ਵਿਚ ਮਲਾਰ ਰਾਗ ਦੀ ਬਾਣੀ ਦੇ ਪਹਿਲੇ ਪਦੇ ਵਿਚ ਗੁਰੂ ਨਾਨਕ ਦੇਵ ਜੀ ਰੁਤ ਦੀ ਮਹਤਤਾ ਦਰਸਾਉਂਦਿਆਂ ਫੁਰਮਾਉਂਦੇ ਹਨ:

*ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ॥*
*ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ॥*

(ਮਲਾਰ ਮਹਲਾ 1 ਪੰਨਾ 1254)

ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਸਾਖੀਆਂ ਵਿਚ ਹੇਠ ਲਿਖੇ ਹਵਾਲੇ ਵਾਚਣ ਯੋਗ ਹਨ:

ਮਿਹਰਬਾਨ ਵਾਲੀ ਜਨਮ ਸਾਖੀ ਵਿਚ ਇਕ ਸ਼ਬਦ ਦਾ ਹਵਾਲਾ ਦਿੰਦਿਆਂ ਰਾਗ ਅਤੇ ਰੁਤ ਦੇ ਸਬੰਧ ਨੂੰ ਪ੍ਰਗਟਾਉਣ ਵਾਲੀ ਟਿੱਪਣੀ ਦਿੱਤੀ ਹੈ:

ਤਬ ਗੁਰੂ ਬਾਬੇ ਨਾਨਕ ਜੀ ਮਲਾਰ ਰਾਗ ਮਹਿ ਬਾਨੀ ਬੋਲੀ। ਸਾਵਣ ਕਾ ਮਹੀਨਾ ਥਾ, ਉਪਰ ਸੇ ਮੇਘ ਬਰਸਤਾ ਥਾ, ਤਬ ਗੁਰੂ ਬਾਬਾ ਨਾਨਕ ਜੀ ਅਲਾਪਿ ਕਰਿ ਮਲਾਰ ਬਾਨੀ ਬੋਲਿ ਉਠਿਆ ਜਿ:

*ਦੁਖ ਵਿਛੋੜਾ ਇਕੁ ਦੁਖ ਭੁਖ॥*

(ਮਲਾਰ ਮਹਲਾ1, 1256)

ਗੁਰੂ ਨਾਨਕ ਦੇਵ ਜੀ ਰਾਗ ਅਤੇ ਰੁਤ ਦੇ ਭਾਵਾਂ ਨਾਲ ਇਕਮਿਕ ਸਨ ਇਸ ਦਾ ਸੰਕੇਤ ਮਿਹਰਬਾਨ ਵਾਲੀ ਜਨਮ ਸਾਖੀ ਦੀ ਇਕ ਹੋਰ ਸਾਖੀ ਵਿਚੋਂ ਵੀ ਮਿਲਦਾ ਹੈ। ਪਰਮੇਸਰ ਦਾ ਜਸ ਨਾਮਕ ਸਾਖੀ ਵਿਚ ਲਿਖਿਆ ਹੈ:

ਤਬ ਗੁਰੂ ਬਾਬਾ ਨਾਨਕ ਜੀ ਚੌਬੀਸ ਬਰਸ ਕਾ ਹੂਆ, ਤਬ ਏਕ ਦਿਨ ਗੁਰੂ ਬਾਬਾ ਨਾਨਕੁ ਜੀ ਨਗਰਿ ਤਲਵੰਡੀ ਦਾਦੇ ਕਾਲੂ ਕੈ ਘਰਿ ਜਬ ਰਹਤਾ, ਮਾਤਾ ਪਿਤਾ ਕੈ ਘਰਿ, ਤਬ ਚਉਮਾਸੇ ਕੇ ਦਿਨ ਥੇ ਅਰ ਘਟਾ ਸਾਵਨ ਕੀ ਉਮੰਡਿ ਲਾਗੀ ਬਰਸਨੈ। ਤਬ ਗੁਰੂ ਬਾਬਾ ਨਾਨਕ ਜੀ ਰਾਤਿ ਕੇ ਸਮੇ ਆਪਣੈ ਘਰਿ ਮਹਿ ਬੈਠਾ ਥਾ। ਤਬ ਜਿਉ ਜਿਉ ਮੇਘੁ ਗਰਜਿ ਗਰਜਿ ਬਰਸੈ, ਤਿਉ ਤਿਉ ਗੁਰੂ ਬਾਬੇ ਜੀ ਦਾ ਮਨੁ ਉਮੰਡਿ ਉਮੰਡਿ ਲਾਗਾ ਪਰਮੇਸੁਰ ਜੀ ਦਾ ਜਸੁ ਗਾਵਣੈ। ਤਬ ਗੁਰੂ ਬਾਬੇ ਕਉ ਗਾਵਤੇ ਸੁਨਿ ਕਰਿ ਮਾਤਾ ਕਹਿਆ ਜਿ, "ਬੱਚਾ ਰੰਚਕ ਇਕੁ ਸੋਵਹਿ ਤਾ ਭਲਾ ਹੋਵੈ। ਜਬ ਏਹੁ ਸਬਦੁ ਮੁਖ ਤੇ ਮਾਤਾ ਜੀ ਕਹਿਆ ਤਬ ਬਬੀਹਾ ਬੋਲਿਆ। ਤਬ ਬਬੀਹਾ ਕਹਿਆ ਜਿ, ਪ੍ਰਿਉ ਪ੍ਰਿਉ। ਤਬ ਗੁਰੂ ਬਾਬੇ ਕਹਿਆ ਜਿ, ਮਾਤਾ ਜੀ ਮੇਰਾ ਜਿ ਸਰੀਕੁ ਹੈ ਸਿ ਜਾਗਦਾ ਹੈ, ਮੈ ਕਿਉ ਕਰਿ ਸੋਵਾ? ਤਬ ਮਾਤਾ ਜੀ ਕਹਿਆ ਜਿ, ਬੱਚਾ! ਜਿ ਤੇਰਾ ਸਰੀਕੁ ਕਵਣ ਹੈ ਜਿਸ ਕਾ ਲੀਆ ਤੂ ਜਾਗਤਾ ਹੈ? ਤਬ ਮਲਾਰ ਰਾਗ ਮਹਿ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ:

*ਰੈਨਿ ਬਬੀਹਾ ਬੋਲਿਓ ਮੇਰੀ ਮਾਈ॥*

ਇਸ ਸਾਰੇ ਸ਼ਬਦ ਵਿਚ ਬਿਰਹਾ ਦਾ ਅਤੇ ਬਰਖਾ ਰੁੱਤ ਵਿਚ ਜੀਵ ਆਤਮਾ ਦੀ ਅਵਸਥਾ ਦਾ ਵਰਨਣ ਬੜੇ ਕਲਾਤਮਕ ਢੰਗ ਨਾਲ ਹੋਇਆ ਹੈ:

*ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ*
*ਸਾਰਿੰਗ ਸਬਦਿ ਸੁਹਾਈ॥*
*ਰੈਨਿ ਬਬੀਹਾ ਬੋਲਿਓ ਮੇਰੀ ਮਾਈ॥*
*ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ*
*ਜੋ ਤੈ ਭਾਵੈ ਸਾਈ॥*
*ਨੀਂਦ ਗਈ ਹਉਮੈ ਤਨਿ ਥਾਕੀ*
*ਸਚ ਮਤਿ ਰਿਦੈ ਸਮਾਈ॥*
*ਰੂਖੀਂ ਬਿਰਖੀ ਊਡਉ ਭੂਖਾ ਪੀਵਾ ਨਾਮੁ ਸੁਭਾਈ॥*
*ਲੋਚਨ ਤਾਰ ਲਲਤਾ ਬਿਲਲਾਤੀ*
*ਦਰਸਨ ਪਿਆਸ ਰਜਾਈ॥*
*ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ*
*ਕਾਪਰੁ ਅੰਗਿ ਨ ਸੁਹਾਈ॥*
*ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕਉ*
*ਬਿਨੁ ਮਿਲੇ ਨੀਂਦ ਨ ਪਾਈ॥*
*ਪਿਰੁ ਨਜੀਕਿ ਨ ਬੂਝੈ ਬਪੁੜੀ*
*ਸਤਿਗੁਰ ਦੀਆ ਦਿਖਾਈ॥*
*ਸਹਜਿ ਮਿਲਿਆ ਤਬ ਹੀ ਸੁਖੁ ਪਾਇਆ*
*ਤ੍ਰਿਸਨਾ ਸਬਦਿ ਬੁਝਾਈ॥*
*ਕਹੁ ਨਾਨਕ ਤੁਝ ਤੇ ਮਨੁ ਮਾਨਿਆ*
*ਕੀਮਤਿ ਕਹਨੁ ਨ ਜਾਈ॥*

(ਮਲਾਰ ਮਹਲਾ1, ਪੰਨਾ, 1247)

ਮਲਾਰ ਰਾਗ ਅਤੇ ਬਾਣੀ ਦੇ ਸੰਜੋਗ ਨੂੰ ਬਿਆਨ ਕਰਦਿਆਂ ਡਾ. ਤਾਰਨ ਸਿੰਘ ਲਿਖਦੇ ਹਨ ਮਲਾਰ ਬਰਖਾ ਦਾ ਰਾਗ ਹੈ- ਇਹ ਮੋਟੀ ਜਿਹੀ ਗੱਲ ਹੈ। ਬੱਦਲ ਗੁਰੂ ਹੈ, ਬਾਣੀ ਮੀਂਹ ਦਾ ਪਾਣੀ ਹੈ, ਮਨੁੱਖੀ ਹਿਰਦਾ ਧਰਤੀ

ਹੈ, ਹਿਰਦੇ ਦੀ ਸਿੰਚਾਈ ਦੁਆਰਾ ਨਾਮ ਮੋਤੀ ਖੇਤੀ ਉਗਦੀ ਹੈ-ਇਹ ਇਹੋ ਜਿਹੇ ਸੰਕੇਤ ਹਨ ਜੋ ਮਲਾਰ ਦਾ ਵਾਯੂ ਮੰਡਲ ਉਤਪਨ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਪਤੀ ਪਤਨੀ ਦੇ ਮਿਲਾਪ ਦਾ ਚਿੰਨ੍ਹ ਲੈ ਕੇ ਬਰਖਾ ਦਾ ਮੰਡਲ ਦਰਸਾਇਆ ਹੈ। ਮੀਂਹ ਲਈ ਜਾਚਨਾ ਅਤੇ ਉਸਦੇ ਵਰ੍ਹਨ ਉਤੇ ਖੁਸ਼ੀ ਦਾ ਪ੍ਰਗਟਾਵਾ ਇੰਜ ਕੀਤਾ ਹੈ:

*ਕਰਉ ਬਿਨਉ ਗੁਰ ਅਪਨੇ ਪ੍ਰੀਤਮ*
*ਹਰਿ ਵਰੁ ਆਣਿ ਮਿਲਾਵੈ॥*
*ਸੁਣਿ ਘਨਘੋਰ ਸੀਤਲੁ ਮਨੁ ਮੋਰਾ*
*ਲਾਲ ਰਤੀ ਗੁਣ ਗਾਵੈ॥*
*ਬਰਸ ਘਟਾ ਮੇਰਾ ਮਨੁ ਭੀਨਾ॥*
*ਅੰਮ੍ਰਿਤ ਬੂੰਦ ਸੁਹਾਨੀ ਹੀਅਰੈ*
*ਗੁਰਿ ਮੋਹੀ ਮਨੁ ਹਰਿ ਰਸਿ ਲੀਨਾ॥*

(ਮਲਾਰ ਮਹਲਾ ੧, ਪੰਨਾ 1254)

*ਬਰਸੁ ਘਨਾ ਮੇਰਾ ਪਿਰੁ ਘਰਿ ਆਇਆ॥*
*ਬਲਿ ਜਾਵਾਂ ਗੁਰ ਅਪਨੇ ਪ੍ਰੀਤਮ*
*ਜਿਨ ਹਰਿ ਪ੍ਰਭੁ ਆਨਿ ਮਿਲਾਇਆ॥*

(ਮਲਾਰ ਮਹਲਾ ੧, ਪੰਨਾ 1255)

*ਇੰਦ ਵਰਸੈ ਧਰਤਿ ਸੁਹਾਵੀ ਘਟਿ ਜੋਤਿ ਸਮਾਣੀ॥*
*ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ॥*

(ਮਲਾਰ ਮਹਲਾ ੧, ਪੰਨਾ 1274)

ਗੁਰੂ ਨਾਨਕ ਦੇਵ ਜੀ ਸਾਵਣ ਦੇ ਵਾਤਾਵਰਨ ਨੂੰ ਪੰਜਾਬ ਦੇ ਵਾਤਾਵਰਨ ਨਾਲ ਸਬੰਧਿਤ ਕਰਦਿਆਂ ਮਲਾਰ ਰਾਗ ਦੀ ਵਾਰ ਵਿਚ ਸਲੋਕਾਂ ਦੀ ਰਚਨਾ ਕਰਦੇ ਹਨ:

*ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥*
*ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥*

(ਸਲੋਕ ਮਹਲਾ ੧, ਪੰਨਾ 1279)

*ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥*
*ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥*

(ਸਲੋਕ ਮਹਲਾ੧, ਪੰਨਾ 1279)

ਮਲਾਰ ਰਾਗ ਦੀ ਵਾਰ ਵਿਚ ਗੁਰੂ ਅੰਗਦ ਦੇਵ ਜੀ ਨੇ ਵਰਖਾ ਰੁੱਤ ਦੇ ਮਹੀਨੇ ਸਾਵਣੁ ਨਾਲ ਸਬੰਧਿਤ ਸਲੋਕਾਂ ਦੀ ਰਚਨਾ ਕੀਤੀ ਹੈ:

*ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ॥*

(ਸਲੋਕ ਮਹਲਾ ੨, ਪੰਨਾ 1280)

*ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ॥*

(ਸਲੋਕ ਮਹਲਾ੨, ਪੰਨਾ 1280)

ਮਲਾਰਾ ਰਾਗ ਦੀ ਵਾਰ ਵਿਚ ਗੁਰੂ ਅਮਰਦਾਸ ਜੀ ਦੇ ਬਰਖਾ ਨਾਲ ਸਬੰਧਿਤ ਕੁਝ ਸਲੋਕ ਦਰਜ ਹੋਏ ਹਨ:

*ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ॥*
*ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ॥*

(ਸਲੋਕ ਮਹਲਾ ੩, ਪੰਨਾ1279;

*ਊਨਵਿ ਊਨਵਿ ਆਇਆ ਵਰਸੈ ਨੀਰੁ ਨਿਪੰਗ॥*

(ਸਲੋਕ ਮਹਲਾ ੩ ਪੰਨਾ 1280)

*ਕਿਆ ਉਠਿ ਉਠਿ ਦੇਖਹੁ ਬਪੁੜੇ ਇਸੁ ਮੇਘੈ ਹਥਿ ਕਿਛੁ ਨਾਹਿ॥*
*ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ॥*

(ਸਲੋਕ ਮਹਲਾ ੩, ਪੰਨਾ 1280)

*ਬਾਬੀਹਾ ਜਿਸਨੋ ਤੂ ਪੂਕਾਰਦਾ ਤਿਸਨੋ ਲੋਚੈ ਸਭੁ ਕੋਇ॥*
*ਅਪਨੀ ਕ੍ਰਿਪਾ ਕਰਿ ਕੈ ਵਸਸੀ ਵਣੁ ਤ੍ਰਿਣੁ ਹਰਿਆ ਹੋਇ॥*
*ਨਾਨਕ ਅੰਮ੍ਰਿਤੁ ਸਦ ਹੀ ਵਰਸਦਾ ਗੁਰਮੁਖਿ ਦੇਵੈ ਹਰਿ ਸੋਇ॥*

(ਸਲੋਕ ਮਹਲਾ ੩, ਪੰਨਾ 1281)

*ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ॥*
*ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ॥*
*ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ॥*
*ਅਨੁ ਧਨੁ ਉਪਜੈ ਬਹੁ ਘਣਾ ਕੀਮਤਿ ਕਹਣੁ ਨ ਜਾਇ॥*

(ਸਲੋਕ ਮਹਲਾ ੩,ਪੰਨਾ 1281)

ਮੀਂਹ ਵਾਸਤੇ ਤਰਸਦੇ ਬਾਬੀਹੇ ਨੂੰ ਉਪਦੇਸ਼ ਬੜਾ ਮਾਰਮਿਕ ਹੈ:

*ਬਾਬੀਹਾ ਨ ਬਿਲਲਾਇ ਨਾ ਤਰਸਾਇ ਏਹੁ ਮਨੁ*
*ਖਸਮ ਕਾ ਹੁਕਮੁ ਮੰਨਿ॥*
*ਨਾਨਕ ਹੁਕਮਿ ਮੰਨਿਐ ਤਿਖ ਉਤਰੈ*
*ਚੜੈ ਚਵਗਲਿ ਵੰਨੁ॥*

(ਸਲੋਕ ਮਹਲਾ ੩ ਪੰਨਾ 1282)

*ਬਾਬੀਹਾ ਜਲ ਮਹਿ ਤੇਰਾ ਵਾਸੁ ਹੈ*
*ਜਲ ਹੀ ਮਾਹਿ ਫਿਰਾਹਿ॥*
*ਜਲ ਕੀ ਸਾਰ ਨ ਜਾਣਹੀ ਤਾ ਤੂ ਕੂਕਣ ਪਾਹਿ॥*
*ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ॥*
*ਏਤੈ ਜਲਿ ਵਰਸਦੈ ਤਿਖ ਮਰਹਿ*
*ਭਾਗ ਤਿਨਾ ਕੇ ਨਾਹਿ॥*
*ਨਾਨਕ ਗੁਰਮੁਖਿ ਤਿਨ ਸੋਝੀ ਪਈ*
*ਜਿਨ ਵਸਿਆ ਮਨਿ ਮਾਹਿ॥*

(ਸਲੋਕ ਮਹਲਾ ੩, ਪੰਨਾ 1282)

ਇਸ ਤਰ੍ਹਾਂ ਬਬੀਹੇ ਨਾਲ ਸਬੰਧਿਤ ਅਨੇਕ ਸਲੋਕਾਂ ਦੀ ਰਚਨਾ ਕੀਤੀ ਗਈ ਹੈ। ਮਲਾਰ ਰਾਗ ਵਿਚ ਇਨ੍ਹਾਂ ਦਾ ਗਾਇਨ ਬੜਾ ਭਾਵਪੂਰਤ ਹੁੰਦਾ ਹੈ।

ਗੁਰੂ ਰਾਮ ਦਾਸ ਜੀ ਨੇ ਮਲਾਰ ਰਾਗ ਵਿਚ ਗੁਰਮਤਿ

ਸੰਗੀਤ ਦੀ ਵਿਸ਼ੇਸ਼ ਗਾਇਨ ਵੰਨਗੀ ਪੜਤਾਲ ਵਿਚ ਵੀ ਕੁਝ ਪਦੇ ਦਰਜ ਹੋਏ ਹਨ। ਇਨ੍ਹਾਂ ਪਦਿਆਂ ਵਿਚ ਵੀ ਰੁੱਤ ਦੇ ਵਾਤਾਵਰਣ ਨੂੰ ਬਿਆਨ ਕੀਤਾ ਗਿਆ ਹੈ:

*ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ*
*ਸੁਨਿ ਘਨਿਹਰ ਕੀ ਘੋਰ॥*

(ਮਲਾਰ ਮਹਲਾ 4 ਪੰਨਾ 1265)

ਗੁਰੂ ਅਰਜਨ ਦੇਵ ਜੀ ਮਲਾਰ ਰਾਗ ਦੀ ਬਾਣੀ ਵਿਚ ਮਲਾਰ ਰਾਗ ਦਾ ਵਾਤਾਵਰਣ ਪ੍ਰਗਟ ਹੁੰਦਾ ਹੈ:

*ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥*

(ਮਲਾਰ ਮਹਲਾ 5 ਪੰਨਾ 1266)

ਗਰਮੀ ਨਾਲ ਤਪਦੀ ਧਰਤੀ ਦੀ ਪੁਕਾਰ ਨੂੰ ਬਾਣੀ ਰਾਹੀਂ ਪ੍ਰਗਟਾਉਂਦੇ ਹਨ:

*ਬਰਸੁ ਮੇਘ ਜੀ ਤਿਲੁ ਬਿਲਮੁ ਨਾ ਲਾਉ॥*
*ਬਰਸੁ ਪਿਆਰੇ ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ॥*

*ਹਮ ਤੇਰੀ ਧਰ ਸੁਆਮੀਆਂ ਮੇਰੇ*
*ਤੂੰ ਕਿਉ ਮਨਹੁ ਬਿਸਾਰੈ॥*
*ਇਸਤ੍ਰੀ ਰੂਪ ਚੇਰੀ ਕੀ ਨਿਆਈ*
*ਸੋਭ ਨਹੀ ਬਿਨੁ ਭਰਤਾਰੇ॥*

(ਮਲਾਰ ਮਹਲਾ 5 ਪੰਨਾ 1268)

*ਘਨਿਹਰ ਬਰਸਿ ਸਗਲ ਜਗੁ ਛਾਇਆ॥*
*ਭਏ ਕ੍ਰਿਪਾਲ ਪ੍ਰੀਤਮ ਪ੍ਰਭ ਮੇਰੇ*
*ਅਨਦ ਮੰਗਲ ਸੁਖ ਪਾਇਆ॥*

(ਮਲਾਰ ਮਹਲਾ 5, ਪੰਨਾ 1268)

*ਚਾਤ੍ਰਿਕ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ*
*ਬਿਲਪ ਕਰੈ ਬਿਲਲਾਈ॥*
*ਘਨਹਰ ਘੋਰ ਦਸੌ ਦਿਸਿ ਬਰਸੈ*
*ਬਿਨੁ ਜਲ ਪਿਆਸ ਨਾ ਜਾਈ॥*

(ਮਲਾਰ ਮਹਲਾ 5 ਪੰਨਾ 1268)

*ਪਰਮੇਸਰ ਹੋਆ ਦਇਆਲੁ॥*
*ਮੇਘੁ ਵਰਸੈ ਅੰਮ੍ਰਿਤਧਾਰ॥*

(ਮਲਾਰ ਮਹਲਾ 5, ਪੰਨਾ 1271)

*ਬਰਸ ਸਰਸ ਆਗਿਆ॥ ਹੋਹਿ ਆਨੰਦ ਸਗਲ ਭਾਗ।,*
*ਸੰਤ ਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗੁ॥*
*ਘਨਘੋਰ ਪ੍ਰੀਤਿ ਮੋਰ॥ ਚਿਤੁ ਚਾਤ੍ਰਿਕ ਬੂੰਦ ਓਰ॥*

ਮਲਾਰ ਮਹਲਾ 5 ਗੁਰੂ ਗ੍ਰੰਥ ਸਾਹਿਬ ਪੰਨਾ 1268

ਗੁਰੂ ਅਰਜਨ ਦੇਵ ਜੀ ਬੱਦਲ ਨੂੰ ਗੋਬਿੰਦ ਰੂਪ ਕਹਿ ਕੇ ਪੁਕਾਰਦੇ ਹਨ:

*ਘਨੁ ਗਰਜਤ ਗੋਬਿੰਦ ਰੂਪ॥*

(ਮਲਾਰ ਮਹਲਾ 5, ਪੰਨਾ 1272)

ਇਸ ਰਾਗ ਦੀ ਬਾਣੀ ਵਰਖਾ ਦੇ ਨਾਲ ਨਾਲ ਆਮ ਤੌਰ ਤੇ ਵਿਜੋਗ ਦੇ ਭਾਵਾਂ ਦਾ ਚਿਤਰਣ ਮਿਲਦਾ ਹੈ:

*ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ॥*
*ਸਗਲ ਸਹੇਲੀ ਸੁਖ ਭਰਿ ਸੂਤੀ*
*ਜਿਹ ਘਰਿ ਲਾਲੁ ਬਸਾਈ॥*

(ਮਲਾਰ ਮਹਲਾ 5 ਪੰਨਾ 1267)

ਵਿਜੋਗ ਦਾ ਇਹ ਅਨੁਭਵ ਵੀ ਮਲਾਰ ਰਾਗ ਵਿਚ ਪ੍ਰਗਟ ਹੋਣਾ ਉਚਿਤ ਹੈ ਕਿਉਂਕਿ ਮਲਾਰ ਰਾਗ ਵਿਚ ਪੰਚਮ ਵਾਦੀ ਸੁਰ ਹੈ ਇਸ ਲਈ ਭਰਤ ਦੇ ਸਿਧਾਂਤ ਅਨੁਸਾਰ ਇਹ ਰਾਗ ਵਿਜੋਗ ਸ਼ਿੰਗਾਰ ਦੇ ਭਾਵਾਂ ਨੂੰ ਪ੍ਰਗਟਾਉਣ ਵਿਚ ਸਹਾਇਕ ਹੁੰਦਾ ਹੈ।

ਇਸ ਤਰ੍ਹਾਂ ਰਾਗ ਮਲਾਰ ਵਿਚ ਦਰਜ ਬਾਣੀ ਦਾ ਭਾਵ ਰਾਗ ਮਲਾਰ ਦੇ ਅਨੁਕੂਲ ਹੈ।

*ਸਹਾਇਕ ਗ੍ਰੰਥ*


1 ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ।

2 ਡਾ. ਗੁਰਨਾਮ ਸਿੰਘ, ਗੁਰਮਤਿ ਸੰਗੀਤ, ਪਰਬੰਧ ਤੇ ਪਸਾਰ

3 ਅਚਾਰੀਆ ਬ੍ਰਿਹਸਪਤੀ, ਭਰਤ ਕਾ ਸੰਗੀਤ ਸਿਧਾਂਤ

4 ਭਾਤਖੰਡੇ, ਕ੍ਰਮਕ ਪੁਸਤਕ ਮਾਲਿਕਾ (ਭਾਗ 5)

5 ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ

6 ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ



*422, ਸੈਕਟਰ 15-ਏ, ਚੰਡੀਗੜ੍ਹ 160 015*

# ਪ੍ਰਿੰਸੀਪਲ ਦਿਆਲ ਸਿੰਘ ਕ੍ਰਿਤ ਸੰਗੀਤ ਪੁਸਤਕਾਂ : ਵਿਸ਼ਲੇਸ਼ਣ ਅਤੇ ਸਾਰਥਕਤਾ

ਡਾ. ਰਿਸ਼ਪਾਲ ਸਿੰਘ

ਪ੍ਰਿੰਸੀਪਲ ਦਿਆਲ ਸਿੰਘ ਇਕ ਅਜਿਹੇ ਸੁਘੜ ਅਤੇ ਵਿਖਿਆਤ ਸੰਗੀਤਕਾਰ ਹਨ ਜਿਹਨਾਂ ਨੇ ਗੁਰਮਤਿ ਸੰਗੀਤ ਦੇ ਪਰਚਾਰ ਲਈ ਤਨ ਦੇਹੀ ਨਾਲ ਕਾਰਜ ਕੀਤਾ। ਆਪ ਨੇ ਗੁਰਮਤਿ ਵਿਦਿਆਲਾ ਨਵੀਂ ਦਿੱਲੀ ਆਰੰਭ ਕੀਤਾ ਜੋ 1930 ਤੋਂ ਗੁਰਬਾਣੀ ਸਿੱਖਾਂਦਰੂਆਂ ਨੂੰ ਕੀਰਤਨ ਦੀ ਸਿਖਲਾਈ ਪ੍ਰਦਾਨ ਕਰਦਾ ਆ ਰਿਹਾ ਹੈ। 1980 ਵਿੱਚ ਗੁਰਮਤਿ ਵਿਦਿਆਲੇ ਦਾ ਗੋਲਡਨ ਜੁਬਲੀ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਵਿੱਚ ਸੰਗੀਤ ਅਤੇ ਹੋਰ ਦੁਨਿਆਵੀ ਹਸਤੀਆਂ ਨੇ ਸੰਗੀਤ ਸਬੰਧੀ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਇਹ ਪੁਸਤਕ ਗੋਲਡਨ ਜੁਬਲੀ ਵਿਦਿਆਲੇ ਦੇ ਗੁਰਬਾਣੀ ਸੰਗੀਤ ਪ੍ਰਤੀ ਕੀਤੇ ਪ੍ਰਚਾਰ ਦੇ ਕੰਮ ਵੱਲ ਸਮੂਹ ਪੰਥ ਅਤੇ ਸ਼ੁਭਚਿੰਤਕਾਂ ਦਾ ਧਿਆਨ ਕੇਂਦਰਿਤ ਕਰਨ ਦਾ ਉਪਰਾਲਾ ਮਾਤਰ ਹੈ। ਇਸ ਸਮਾਗਮ ਵਿੱਚ ਇਸ ਸੰਸਥਾ ਦੀ ਉਪਜ ਕੁਝ ਰਾਗੀ ਜੱਥਿਆਂ ਅਤੇ ਰਾਗੀ ਪ੍ਰਚਾਰਕਾਂ ਤੋਂ ਵੀ ਜਾਣੂੰ ਕਰਵਾਇਆ ਗਿਆ ਹੈ ਜੋ ਦੇਸ਼ਾਂ- ਵਿਦੇਸ਼ਾਂ ਵਿੱਚ ਕੀਰਤਨ ਪਰੰਪਰਾ ਰਾਹੀ ਗੁਰਬਾਣੀ ਸੰਗੀਤ ਦੀ ਅਣਥੱਕ ਸੇਵਾ ਨਿਭਾਅ ਰਹੇ ਹਨ। ਗੁਰਮਤਿ ਵਿਦਿਆਲਾ ਦੇ ਪੁਰਾਣੇ ਰਾਗੀ ਸਿੰਘਾਂ ਦੇ ਨਿੱਜੀ ਵਿਚਾਰ ਅਤੇ ਸੁਝਾਅ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ। ਇਸ ਪੁਸਤਕ ਤੋਂ ਸਾਨੂੰ ਗੁਰਮਤਿ ਵਿਦਿਆਲਾ ਨਾਮੀ ਸੰਸਥਾ ਦੇ ਗੁਰਮਤਿ ਸੰਗੀਤ ਦੇ ਪ੍ਰਚਾਰਕ ਅਤੇ ਪਰਸਾਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਦੀ ਸਮੁੱਚੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਚਾਹੇ ਇਹ ਪੁਸਤਕ ਸਿਰਫ ਇਸ ਗੋਲਡਨ ਜੁਬਲੀ ਸਮਾਗਮ ਦੀ ਰਿਪੋਰਟ ਮਾਤਰ ਹੈ ਪਰੰਤੂ ਫਿਰ ਵੀ ਸੰਗੀਤ ਨਾਲ ਸਬੰਧਿਤ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ।

**ਗੁਰਮਤਿ ਸੰਗੀਤ ਸਾਗਰ (ਆਸਾ ਦੀ ਵਾਰ ਅਤੇ ਸ਼ਬਦ)** ਪੁਸਤਕ ਗੁਰਮਤਿ ਸੰਗੀਤ ਦੇ ਵਿਖਿਆਤ ਕੀਰਤਨਕਾਰ ਪ੍ਰਿੰਸੀਪਲ ਦਿਆਲ ਸਿੰਘ ਦੀ ਕ੍ਰਿਤ ਹੈ ਜਿਹਨਾਂ ਨੇ ਪੰਜਾਬ ਪ੍ਰਾਂਤ ਤੋਂ ਬਾਹਰ ਰਹਿ ਕੇ ਗੁਰਮਤਿ ਸੰਗੀਤ ਜਿਹੀ ਮਹਾਨ ਅਧਿਆਤਮਕ ਗਾਇਨ ਵਿਧਾ ਨੂੰ ਪ੍ਰਚਾਰਿਆ ਅਤੇ ਪ੍ਰਸਾਰਿਆ।ਇਸ ਪੁਸਤਕ ਦਾ ਪ੍ਰਕਾਸ਼ਨ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ ਨਵੀਂ ਦਿੱਲੀ ਨੇ ਕੀਤਾ। ਪ੍ਰਿੰਸੀਪਲ ਦਿਆਲ ਸਿੰਘ 1967 ਤੋਂ ਹੀ ਦਿਲੀ ਵਿੱਖੇ ਗੁਰਮਤਿ ਸੰਗੀਤ ਵਿਦਿਆਲਾ ਨਾਮੀ ਸੰਸਥਾ ਚਲਾ ਰਹੇ ਹਨ ਜਿਸ ਵਿੱਚ ਗੁਰਮਤਿ ਸੰਗੀਤ ਦੇ ਪੰਜ ਸਾਲਾ ਸਿਲੇਬਸ ਅਨੁਸਾਰ ਗੁਰਮਤਿ ਸੰਗੀਤ ਦੀ ਸਿਖਿਆ ਦਿਤੀ ਜਾਂਦੀ ਹੈ ਅਤੇ ਇਸ ਸੰਸਥਾ ਨੇ ਗੁਰਮਤਿ ਸੰਗੀਤ ਦੇ ਖੇਤਰ ਨੂੰ ਅਨੇਕ ਉੱਘੇ ਰਾਗੀ ਦਿੱਤੇ ਹਨ। ਗੁਰਮਤਿ ਸੰਗੀਤ ਦੇ ਕਿਰਿਆਤਮਕ ਪੱਖ ਦੇ ਨਾਲ-ਨਾਲ ਸਿਧਾਂਤਕ ਪੱਖ ਦੀ ਸਾਂਭ ਸੰਭਾਲ ਹਿੱਤ ਪ੍ਰਿੰਸੀਪਲ ਦਿਆਲ ਸਿੰਘ ਹੁਰਾਂ ਨੇ ਕਈ ਮਹੱਤਵਪੂਰਨ ਪੁਸਤਕਾਂ ਦੀ ਰਚਨਾ ਕੀਤੀ। ਇਹ ਪੁਸਤਕ ਵੀ ਆਪ ਜੀ ਦੀ ਕਲਮ ਤੋਂ ਉਕਰਿਆ ਇਕ ਸੰਗ੍ਰਹਿ ਹੈ। ਗੁਰਬਾਣੀ ਵਿੱਚ ਆਸਾ ਦੀ ਵਾਰ ਦੀ ਮਹੱਤਤਾ ਨੂੰ ਦੇਖਦੇ ਹੋਏ ਪੁਸਤਕ ਵਿੱਚ ਆਸਾ ਦੀ ਵਾਰ ਨੂੰ ਛੇ ਰਾਗਾਂ ਵਿੱਚ ਨਿਬੱਧ ਕੀਤਾ ਹੈ । ਲੇਖਕ ਨੇ ਪੁਸਤਕ ਦੇ ਆਰੰਭ ਵਿੱਚ ਸੰਗੀਤ ਸਾਸ਼ਤਰ ਦੀ ਸੰਖੇਪ ਜਾਣਕਾਰੀ ਮੁਹੱਈਆ ਕਰਵਾਈ ਹੈ ਜਿਸ ਵਿੱਚ ਨਾਦ, ਆਹਤ ਨਾਦ, ਅਨਾਹਤ ਨਾਦ,

ਰੂਪ ਭੇਦ, ਜਾਤੀ ਭੇਦ, ਸਥਾਨ ਭੇਦ, ਸ਼ਰੁਤੀ, ਸੁਰ, ਸਪਤਕ, ਚੱਲ ਅਤੇ ਅਚੱਲ ਸੁਰ, ਵਾਦੀ, ਸੰਵਾਦੀ, ਵਿਵਾਦੀ, ਅਨੁਵਾਦੀ, ਪੂਰਵਾਂਗ ਅਤੇ ਉਤਰਾਂਗ ਅਤੇ ਥਾਟ ਆਦਿ ਵਿਸ਼ੇ ਪ੍ਰਮੁੱਖ ਹਨ।

ਗੁਰਮਤਿ ਸੰਗੀਤ ਸਾਗਰ (ਆਸਾ ਦੀ ਵਾਰ ਅਤੇ ਸ਼ਬਦ) ਪੁਸਤਕ ਦੇ ਸਿਰਲੇਖ ਤੋਂ ਹੀ ਸਪਸ਼ਟ ਹੈ ਕਿ ਪੁਸਤਕ ਵਿੱਚਲੀ ਸਮੁੱਚੀ ਸਮਗਰੀ ਆਸਾ ਦੀ ਵਾਰ ਦਾ ਸਵਰਲਿਪੀਬੱਧ ਸੰਗ੍ਰਹਿ ਹੈ। ਲੇਖਕ ਨੇ ਪੁਸਤਕ ਵਿੱਚ ਗੁਰਮਤਿ ਸੰਗੀਤ ਦੇ ਸਿਧਾਂਤ ਅਨੁਸਾਰ ਆਸਾ ਦੀ ਵਾਰ ਨੂੰ 6 ਰਾਗਾਂ ਵਿੱਚ ਨਿਬੱਧ ਕੀਤਾ ਹੈ। ਆਸਾ ਦੀ ਵਾਰ ਵਿੱਚ ਪੁਰਾਤਨ ਪਰੰਪਰਾ ਅਨੁਸਾਰ ਛੱਕੇ ਅਤੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਸੀ, ਉਸੇ ਪਰੰਪਰਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਪ੍ਰਿੰਸੀਪਲ ਦਿਆਲ ਸਿੰਘ ਹੁਰਾਂ ਨੇ ਆਸਾ ਦੀ ਵਾਰ ਵਿੱਚ ਉਹਨਾਂ ਰਾਗਾਂ ਵਿੱਚ ਸ਼ਬਦਾਂ ਨੂੰ ਨਿਬੱਧ ਕੀਤਾ ਹੈ ਜਿਨ੍ਹਾਂ ਦਾ ਗਾਇਨ ਸਮਾਂ ਵੀ ਸਵੇਰ ਦਾ ਹੈ ਜਿਵੇਂ ਭੈਰਉ, ਰਾਮਕਲੀ , ਪ੍ਰਭਾਤੀ, ਲਲਿਤ, ਬਿਭਾਸ, ਅਸਾਵਰੀ, ਗੁਜਰੀ ਅਤੇ ਟੋਡੀ। ਆਸਾ ਦੀ ਵਾਰ ਉੱਪਰ ਲਿਖੀ ਗਈ ਇਹ ਪਹਿਲੀ ਨਿਵੇਕਲੀ ਦੇਣ ਹੈ ਇਸ ਤੋਂ ਪਹਿਲਾਂ ਕਿਸੇ ਵੀ ਲੇਖਕ ਨੇ ਅਜਿਹੇ ਮਹੱਤਵਪੂਰਨ ਕਾਰਜ ਨੂੰ ਨੇਪਰੇ ਚਾੜਨ ਦਾ ਹੌਂਸਲਾ ਨਹੀਂ ਕੀਤਾ। ਇਸ ਪੁਸਤਕ ਦੇ ਹੁਣ ਤੱਕ ਚਾਰ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਉਪਰੋਕਤ ਤੱਥਾਂ ਦੇ ਅਧਾਰ ਤੇ ਇਹ ਪੁਸਤਕ ਆਪਣੇ ਨਾਮ ਦੀ ਸਾਰਥਕਤਾ ਸਿੱਧ ਕਰਦੀ ਹੈ।

ਗੁਰਮਤਿ ਸੰਗੀਤ ਸਾਗਰ ਪੁਸਤਕ ਪ੍ਰਿੰਸੀਪਲ ਦਿਆਲ ਸਿੰਘ ਹੁਰਾਂ ਦੀ ਕ੍ਰਿਤ ਹੈ ਜਿਸਦਾ ਪ੍ਰਕਾਸ਼ਨ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ ਨੇ ਕਰਵਾਇਆ। ਇਸ ਸਿਰਲੇਖ ਹੇਠ ਪੁਸਤਕ ਦੇ ਚਾਰ ਭਾਗ (1993,2000) ਪ੍ਰਕਾਸ਼ਿਤ ਹੋਏ ਜਿਨ੍ਹਾਂ ਵਿੱਚੋਂ ਗੁਰਮਤਿ ਸੰਗੀਤ ਦੇ ਨਾਲ-ਨਾਲ ਭਾਰਤੀ ਸਾਸ਼ਤਰੀ ਸੰਗੀਤ ਦੀ ਵੀ ਵੱਡਮੁਲੀ ਜਾਣਕਾਰੀ ਮਿਲਦੀ ਹੈ। ਇਸ ਪੁਸਤਕ ਦਾ ਭਾਗ ਪਹਿਲਾ ਗੁਰਬਾਣੀ ਸੰਗੀਤ ਦੀ ਗਾਇਨ ਵਿਧਾ ਆਸਾ ਦੀ ਵਾਰ ਉੱਪਰ ਅਧਾਰਿਤ ਹੈ। ਇਸ ਪੁਸਤਕ ਵਿੱਚ 14 ਰਾਗਾਂ ਦੇ ਖੋਜ ਲੇਖ, ਆਲਾਪ, ਤਾਨਾਂ ਅਤੇ ਵੱਖ-ਵੱਖ ਤਾਲਾਂ ਵਿੱਚ 225 ਪ੍ਰਾਚੀਨ ਸ਼ਬਦ ਰੀਤਾਂ ਅਤੇ 22 ਪੜਤਾਲਾਂ ਨੂੰ ਲਿਪੀਬੱਧ ਕੀਤਾ ਹੈ। ਪੁਸਤਕ ਵਿੱਚ ਛੇ ਰਾਗਾਂ ਵਿੱਚ ਆਸਾ ਦੀ ਵਾਰ ਸਿਖਣ ਦਾ ਸਰਲ ਢੰਗ ਦਸਿਆ ਗਿਆ ਹੈ। ਗੁਰਮਤਿ ਸੰਗੀਤ ਦੇ ਨਾਲ-ਨਾਲ ਭਾਰਤੀ ਸੰਗੀਤ ਦੇ ਸਵਰ, ਸ਼ਰੁਤੀ, ਥਾਟ, ਸੰਗੀਤ ਦੀਆਂ ਦੋਵੇਂ ਸੰਗੀਤ ਪੱਧਤੀਆਂ ਅਤੇ ਗਾਇਕ ਦੇ ਗੁਣ ਅਤੇ ਅਵਗੁਣ ਨਾਮਕ ਵਿਸ਼ਿਆਂ ਨੂੰ ਛੁਹਿਆ ਹੈ।

**ਗੁਰਮਤਿ ਸੰਗੀਤ ਸਾਗਰ** ਭਾਗ ਦੂਜਾ ਦਾ ਪ੍ਰਕਾਸ਼ਨ ਸੰਨ 1996 ਵਿੱਚ ਸੁਰੂ ਹੋਇਆ ਅਤੇ ਸੰਨ 2000 ਵਿੱਚ ਪੂਰਾ ਹੋਇਆ।ਇਸ ਪੁਸਤਕ ਵਿੱਚ ਲੇਖਕ ਨੇ ਆਪਣੇ ਸਮੇਂ ਤੋਂ 40 ਸਾਲ ਪਹਿਲਾਂ ਤਕ ਦੀਆਂ ਸ਼ਬਦ ਰੀਤਾਂ ਨੂੰ ਲਿਪੀਬੱਧ ਕਰਨ ਦਾ ਸਰਾਹੁਣਯੋਗ ਉਪਰਾਲਾ ਕੀਤਾ ਹੈ। ਲੇਖਕ ਦਾ ਮੰਨਣਾ ਹੈ ਕਿ ਜਦੋਂ ਉਸਨੇ ਇਹਨਾਂ ਪ੍ਰਾਚੀਨ ਸ਼ਬਦ ਰੀਤਾਂ ਨੂੰ ਲਿਪੀਬੱਧ ਕਰਨ ਦਾ ਯਤਨ ਅਰੰਭਿਆ ਤਾਂ ਗਿਆਤ ਹੋਇਆ ਕਿ ਇਹਨਾਂ ਸ਼ਬਦ ਰੀਤਾਂ ਵਿੱਚ ਕੁਝ ਅਜਿਹੀਆਂ ਸ਼ਬਦ ਰੀਤਾਂ ਵੀ ਹਨ ਜੋ ਆਧੁਨਿਕ ਥਾਟ ਪ੍ਰਣਾਲੀ ਨਾਲ ਮੇਲ ਨਹੀਂ ਖਾਂਦੀਆਂ ਕਿਉਂਕਿ ਉਹਨਾਂ ਸ਼ਬਦ ਰੀਤਾਂ ਦੇ ਨਾਮ, ਥਾਟ, ਵਾਦੀ, ਸੰਵਾਦੀ ਆਦਿ ਵਿੱਚ ਵਖਰੇਵਾਂ ਹੈ, ਸੋ ਇਸ ਵਖਰੇਵੇਂ ਨੂੰ ਸਪਸ਼ਟ ਕਰਨ ਹਿੱਤ ਪਹਿਲਾਂ ਉਹਨਾਂ ਰਾਂਗਾਂ ਉਪਰ ਖੋਜ ਕਰਕੇ ਲੇਖ ਲਿਖੇ ਅਤੇ ਬਾਅਦ ਵਿੱਚ ਪ੍ਰਚਲਿਤ ਥਾਟ ਪੱਧਤੀ ਅਨੁਸਾਰ ਸ਼ਬਦ ਰੀਤਾਂ ਨੂੰ ਲਿਪੀਬੱਧ ਕੀਤਾ ਹੈ। ਆਰੰਭ ਵਿੱਚ ਲੇਖਕ ਨੇ ਸੜਜ ਗ੍ਰਾਮ, ਮਧਿਅਮ ਗ੍ਰਾਮ, ਗੰਧਾਰ ਗ੍ਰਾਮ ਅਤੇ 21 ਮੂਰਛਨਾਵਾਂ ਨਾਲ ਸਬੰਧਿਤ ਖੋਜ ਕਰਕੇ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਪ੍ਰਾਚੀਨ ਕਾਲ ਵਿੱਚ ਸ਼ੜਜ ਅਤੇ ਮਧਿਅਮ ਗ੍ਰਾਮ ਦੀਆਂ ਮੂਰਛਨਾਵਾਂ ਦੁਆਰਾ ਰਾਗ ਕਿਵੇਂ ਉਤਪੰਨ ਹੁੰਦੇ ਸਨ ? ਰਾਗਾਂ ਦੇ ਲਛਣ,

ਥਾਟ ਪੱਧਤੀ ਦਾ ਵਿਕਾਸ, ਦੱਖਣੀ ਅਤੇ ਉੱਤਰੀ ਸੰਗੀਤ ਪੱਧਤੀ ਦੇ 12 ਸੁਰਾਂ ਤੋਂ 72 ਜਾਂ 32 ਥਾਟਾਂ ਦੀ ਉੱਤਪਤੀ ਦਾ ਵਿਧਾਨ ਦਸਿਆ ਹੈ।ਪੁਸਤਕ ਵਿੱਚ 234 ਪ੍ਰਾਚੀਨ ਸ਼ਬਦ ਰੀਤਾਂ ਅਤੇ 13 ਨਵੀਨ ਪੜਤਾਲਾਂ ਜੋ ਕਿ 21 ਰਾਗਾਂ ਵਿੱਚ ਲਿਪੀਬੱਧ ਹਨ। ਹਰ ਰਾਗ ਦੀ ਬੰਦਿਸ਼ ਤੋਂ ਪਹਿਲਾਂ ਰਾਗ ਦਾ ਖੋਜ ਲੇਖ, ਆਲਾਪ, ਬੰਦਿਸ਼, ਤਾਨਾਂ ਅਤੇ ਵੱਖ-ਵੱਖ ਤਾਲਾਂ ਵਿੱਚ ਬੰਦਿਸ਼ਾਂ ਦਾ ਸੰਗ੍ਰਹਿ ਕਰਕੇ ਗੁਰਮਤਿ ਸੰਗੀਤ ਸਾਗਰ ਦੇ ਰੂਪ ਵਿੱਚ ਸੰਗੀਤ ਜਗਿਆਸੂਆਂ ਨੂੰ ਅਰਪਣ ਕੀਤਾ ਹੈ।

ਗੁਰਮਤਿ ਸੰਗੀਤ ਸਾਗਰ ਭਾਗ ਤੀਜਾ ਦਾ ਪ੍ਰਕਾਸ਼ਨ ਸੰਨ 1993 ਵਿੱਚ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ ਨੇ ਕਰਵਾਇਆ। ਇਹ ਪੁਸਤਕ ਗੁਰਮਤਿ ਸੰਗੀਤ ਦੇ ਵੱਖ-ਵੱਖ ਪਹਿਲੂਆਂ ਦਾ ਬਹੁਮੁੱਲਾ ਸੰਗ੍ਰਹਿ ਹੈ। ਭਾਰਤੀ ਸੰਗੀਤ ਨੂੰ ਗੁਰਮਤਿ ਸੰਗੀਤ ਦਾ ਆਧਾਰ ਮੰਨਦੇ ਹੋਏ ਭਾਰਤੀ ਸੰਗੀਤ ਦਾ ਇਤਿਹਾਸ, ਸੰਗੀਤ ਦੀ ਉੱਤਪਤੀ, ਵੈਦਿਕ ਕਾਲ, ਬੁੱਧ ਕਾਲ, ਮੁਸਲਿਮ ਕਾਲ ਵਿੱਚ ਸੰਗੀਤ ਦਾ ਵਿਕਾਸ ਆਦਿ ਵਿਸ਼ਿਆਂ ਉੱਪਰ ਆਪਣੇ ਵਿਚਾਰ ਪੇਸ਼ ਕੀਤੇ ਹਨ। ਭਾਰਤੀ ਸੰਗੀਤ ਦੀਆਂ ਧਰੁਪਦ, ਧਮਾਰ, ਖਿਆਲ, ਟੱਪਾ, ਠੁਮਰੀ,ਤਰਾਨਾ, ਗਜ਼ਲ, ਕੱਵਾਲੀ ਅਤੇ ਚਤੁਰੰਗ ਗਾਇਨ ਸ਼ੈਲੀਆਂ ਦਾ ਇਤਿਹਾਸਿਕ ਵਿਵੇਚਨ ਵੀ ਕੀਤਾ ਗਿਆ ਹੈ। ਪੁਸਤਕ ਦੇ ਸਿਰਲੇਖ ਨੂੰ ਧਿਆਨ ਵਿੱਚ ਰੱਖਦੇ ਹੋਏ ਭਗਤੀ ਸੰਗੀਤ ਦੀਆਂ ਦੋ ਪ੍ਰਣਾਲੀਆਂ ਭਜਨ-ਕੀਰਤਨ ਅਤੇ ਸਾਸ਼ਤਰ ਬੱਧ-ਕੀਰਤਨ ਤੋਂ ਅਧਿਆਤਮਕ ਸ਼ਰੋਤਿਆਂ ਨੂੰ ਜਾਣੂੰ ਕਰਵਾਇਆ ਹੈ। ਇਸ ਪੁਸਤਕ ਵਿੱਚ ਲੇਖਕ ਨੇ ਗੁਰਮਤਿ ਸੰਗੀਤ ਅਤੇ ਸਾਸ਼ਤਰੀ ਸੰਗੀਤ ਦਾ ਤੁਲਨਾਤਮਕ ਅਧਿਐਨ, ਭਗਤੀ ਸੰਗੀਤ ਅਤੇ ਗੁਰਮਤਿ ਸੰਗੀਤ, ਗੁਰਮਤਿ ਸੰਗੀਤ ਦੇ ਸਾਜ, ਕੀਰਤਨ ਮਰਿਯਾਦਾ ਅਤੇ ਗੁਰਮਤਿ ਸੰਗੀਤ ਦੀ ਅਧੋਗਤੀ ਨਾਮੀ ਅਹਿਮ ਵਿਸ਼ਿਆਂ ਨੂੰ ਉਭਾਰਨ ਦਾ ਯਤਨ ਕੀਤਾ ਹੈ। ਇਸ ਪੁਸਤਕ ਵਿੱਚ 256 ਪ੍ਰਾਚੀਨ ਸ਼ਬਦ ਰੀਤਾਂ ਉਪਲੱਬਧ ਹਨ।ਕਈ ਬੰਦਿਸ਼ਾਂ ਭਾਰਤੀ ਸੰਗੀਤ ਦੇ ਰਾਗਾਂ ਜਿਵੇਂ ਭਟਿਆਰ, ਸ਼ੰਕਰਾ, ਸੋਹਨੀ, ਲਲਿਤ ਅਤੇ ਖਮਾਜੀ ਭਟਿਆਰ ਵਿੱਚ ਦਰਜ ਹਨ ਜਦਕਿ ਇਹ ਰਾਗ ਗੁਰਮਤਿ ਸੰਗੀਤ ਦੇ ਰਾਗ ਨਹੀਂ ਹਨ। ਹਰ ਰਾਗ ਦੀ ਬੰਦਿਸ਼ ਤੋਂ ਪਹਿਲਾਂ ਰਾਗ ਦਾ ਖੋਜ ਲੇਖ, ਆਲਾਪ, ਬੰਦਿਸ਼, ਤਾਨਾਂ ਅਤੇ ਵੱਖ-ਵੱਖ ਤਾਲਾਂ ਵਿੱਚ ਬੰਦਿਸ਼ਾਂ ਦਾ ਸੰਗ੍ਰਹਿ ਮੌਜੂਦ ਹੈ। ਗੁਰਮਤਿ ਸੰਗੀਤ ਤੋਂ ਇਲਾਵਾ ਦੋ ਠੁਮਰੀਆਂ,ਇਕ ਗੁਲਦਸਤਾ ਲਿਪੀਬੱਧ ਹੈ।

ਹੱਥਲੀ ਪੁਸਤਕ ਦਾ ਸਿਰਲੇਖ ਗੁਰਮਤਿ ਸੰਗੀਤ ਸਾਗਰ ਹੈ। ਪੁਸਤਕ ਦੇ ਵਿਵੇਚਨਾਤਮਕ ਅਧਿਐਨ ਤੋਂ ਪੁਸਤਕ ਵਿਚਲੀ ਮੌਲਿਕਤਾ ਦਾ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ। ਗੁਰਮਤਿ ਸੰਗੀਤ ਸਾਗਰ ਪੁਸਤਕ ਗੁਰਮਤਿ ਸੰਗੀਤ ਨਾਲ ਸਬੰਧਿਤ ਰਾਗਾਂ ਦੀ ਨਵੀਂ ਖੋਜ ਤੇ ਅਧਾਰਿਤ ਹੈ ਜਿਸ ਵਿੱਚ ਲੇਖਕ ਨੇ ਸ਼ੜਜ ਗ੍ਰਾਮ, ਮਧਿਅਮ ਗ੍ਰਾਮ, ਗੰਧਾਰ ਗ੍ਰਾਮ ਅਤੇ 21 ਮੂਰਛਨਾਵਾਂ ਨਾਲ ਸਬੰਧਿਤ ਖੋਜ ਕਰਕੇ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਪ੍ਰਾਚੀਨ ਕਾਲ ਵਿੱਚ ਸ਼ੜਜ ਅਤੇ ਮਧਿਅਮ ਗ੍ਰਾਮ ਦੀਆਂ ਮੂਰਛਨਾਵਾਂ ਦੁਆਰਾ ਰਾਗ ਕਿਵੇਂ ਉਤਪੰਨ ਹੁੰਦੇ ਸਨ ? ਰਾਗਾਂ ਦੇ ਲਛਣ, ਥਾਟ ਪੱਧਤੀ ਦਾ ਵਿਕਾਸ, ਦੱਖਣੀ ਅਤੇ ਉੱਤਰੀ ਸੰਗੀਤ ਪੱਧਤੀ ਦੇ 12 ਸੁਰਾਂ ਤੋਂ 72 ਜਾਂ 32 ਥਾਟਾਂ ਦੀ ਉੱਤਪਤੀ ਦਾ ਵਿਧਾਨ ਦਸਿਆ ਹੈ। ਪੁਸਤਕ ਵਿੱਚ 234 ਪ੍ਰਾਚੀਨ ਸ਼ਬਦ ਰੀਤਾਂ ਅਤੇ 13 ਨਵੀਨ ਪੜਤਾਲਾਂ ਜੋ ਕਿ 21 ਰਾਗਾਂ ਵਿੱਚ ਲਿਪੀਬੱਧ ਹਨ।ਪੁਸਤਕ ਵਿੱਚ 256 ਪ੍ਰਾਚੀਨ ਸ਼ਬਦ ਰੀਤਾਂ ਹਨ (ਜੋਕਿ ਪੁਸਤਕ ਦੀ ਮੂਲ ਵਿਸੇਸ਼ਤਾ ਵੀ ਹੈ) ਜਿਹਨਾਂ ਨੂੰ ਸਾਂਭਣ ਦਾ ਮਹੱਤਵਪੂਰਨ ਉਪਰਾਲਾ ਲੇਖਕ ਦੀ ਅਣਥਕ ਮਿਹਨਤ ਨੂੰ ਦਰਸਾਉਂਦਾ ਹੈ। ਗੁਰਮਤਿ ਸੰਗੀਤ ਸਿੱਖਿਆ ਪੁਸਤਕ ਪ੍ਰਿੰਸੀਪਲ ਦਿਆਲ ਸਿੰਘ ਨੇ ਸੰਗੀਤ ਦੀ ਆਰੰਭਿਕ

ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਮਨੋਬਲ ਨੂੰ ਧਿਆਨ ਵਿੱਚ ਰੱਖਕੇ ਰਚੀ ਹੈ। 144 ਪੰਨਿਆਂ ਦੀ ਇਸ ਪੁਸਤਕ ਦਾ ਪ੍ਰਕਾਸ਼ਨ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ ਨੇ 1996 ਵਿੱਚ ਕੀਤਾ। ਇਸ ਪੁਸਤਕ ਵਿੱਚ 124 ਸ਼ਬਦਾਂ ਨੂੰ 31 ਰਾਗਾਂ (ਰਾਗ ਬਿਲਾਵਲ, ਆਸਾ, ਭੂਪਾਲੀ, ਕਲਿਆਣ, ਸਾਰੰਗ, ਭੀਮਪਲਾਸੀ, ਪਟਦੀਪ, ਤਿਲੰਗ, ਬਿਹਾਗ, ਦੁਰਗਾ, ਪਹਾੜੀ, ਹਮੀਰ, ਦੇਸ਼, ਛਾਇਆਨਟ, ਜਿਲਤਾ, ਕਾਫੀ, ਸ਼ਿਵਰੰਜਨੀ, ਬਾਗੇਸ੍ਰੀ, ਮਾਲਕੋਂਸ਼, ਕਾਨੜਾ, ਬਹਾਰ, ਬਸੰਤ, ਮਲਹਾਰ, ਦੇਵਗੰਧਾਰੀ, ਜੋਨਪੁਰੀ, ਭੈਰਵੀ, ਭੈਰਵ, ਅਹੀਰ ਭੈਰਓ, ਗੁਣਕਲੀ, ਗੁਜਰੀ ਅਤੇ ਟੋਡੀ) ਅਧੀਨ ਨਿਬੱਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੁਸਤਕ ਵਿੱਚ ਪ੍ਰਯੋਗ ਹੋਣ ਵਾਲੇ ਤਾਲਾਂ ਦੀ ਵੀ ਜਾਣਕਾਰੀ ਦਿੱਤੀ ਗਈ ਹੈ। ਸੰਗੀਤ ਸ਼ਾਸਤਰ ਦੇ ਪਰਿਭਾਸ਼ਿਕ ਸ਼ਬਦਾਂ ਨੂੰ ਵੀ ਪਰਿਭਾਸ਼ਿਤ ਕੀਤਾ ਹੈ।

**ਗੁਰਮਤਿ ਸੰਗੀਤ ਸਿੱਖਿਆ** ਪੁਸਤਕ ਦਾ ਪਹਿਲਾ ਪ੍ਰਕਾਸ਼ਨ 1996 ਵਿੱਚ ਹੋਇਆ ਜਿਸ ਵਿੱਚ ਪੁਸਤਕ ਦੀ 1000 ਕਾਪੀ ਰਿਲੀਜ ਕੀਤੀ ਗਈ। 1999 ਅਤੇ 2004 ਵਿੱਚ ਦੁਬਾਰਾ 2000 ਪੁਸਤਕਾਂ ਦਾ ਮੁੜ-ਪ੍ਰਕਾਸ਼ਨ ਕੀਤਾ ਗਿਆ ਜਿਸ ਤੋਂ ਹੱਥਲੀ ਪੁਸਤਕ ਦੀ ਮਹੱਤਤਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਹ ਪੁਸਤਕ ਸੰਗੀਤ ਦੀ ਮੁੱਢਲੀ ਸਿੱਖਿਆ ਗ੍ਰਹਿਣ ਕਰਨ ਵਾਲੇ ਵਿਦਿਆਰਥੀਆਂ ਲਈ ਬਹੁਤ ਹੀ ਉਪਯੋਗੀ ਪੁਸਤਕ ਹੈ। ਪੁਸਤਕ ਦਾ ਲੇਖਕ ਭਾਰਤੀ ਸ਼ਾਸਤਰੀ ਸੰਗੀਤ ਦੇ ਸਿਧਾਂਤਾਂ ਦਾ ਧਾਰਨੀ ਹੈ ਕਿਉਂਕਿ ਲੇਖਕ ਨੇ ਗੁਰਬਾਣੀ ਦੇ ਸ਼ਬਦਾਂ ਨੂੰ ਭਾਰਤੀ ਸੰਗੀਤ ਦੇ ਰਾਗਾਂ ਅਧੀਨ ਹੀ ਸਵਰਲਿੱਪੀਬੱਧ ਕੀਤਾ ਹੈ। ਲੇਖਕ ਦੁਆਰਾ ਲਿੱਪੀਬੱਧ ਕੀਤੀਆਂ ਸ਼ਬਦ ਰੀਤਾਂ ਬਹੁਤ ਹੀ ਅਸਾਨ ਹਨ ਜਿਸ ਤੋਂ ਹਰ ਵਰਗ ਦਾ ਸੰਗੀਤ ਸਿੱਖਿਅਕ ਸੰਗੀਤ ਦੀ ਸਿੱਖਿਆ ਪ੍ਰਾਪਤ ਕਰ ਸਕਦਾ ਹੈ। ਜਿਸ ਤੋਂ ਇਸ ਪੁਸਤਕ ਦੀ ਸਾਰਥਕਤਾ ਵੀ ਸਿੱਧ ਹੁੰਦੀ ਜਾਪਦੀ ਹੈ। ਪੁਸਤਕ ਵਿੱਚ 'ਜਿਲਤਾ' ਨਾਮਕ ਰਾਗ ਦੀ ਹੋਂਦ ਪ੍ਰਤੀਤ ਹੁੰਦੀ ਹੈ।

ਡਾ. ਰਿਸ਼ਪਾਲ ਸਿੰਘ

ਮੁਖੀ, ਸੰਗੀਤ ਵਿਭਾਗ

ਗੁਰੂ ਨਾਨਕ ਪੋਸਟ ਗ੍ਰੈਜੁਏਟ ਕਾਲਜ ਬੁਢਲਾਡਾ (ਮਾਨਸਾ)

**ਜਰੂਰੀ ਬੇਨਤੀ :**

**ਮੇਰੀ ਨਿਜੀ ਲਾਈਬਰੇਰੀ ਵਿਚੋਂ ਕੁੱਝ ਪੁਸਤਕਾਂ ਮੁਫ਼ਤ ਪ੍ਰਾਪਤ ਕਰਨ ਲਈ ਚਾਹਵਾਨ ਸੱਜਣ ਸੰਪਰਕ ਕਰਨ ।**

**ਡਾ. ਜਾਗੀਰ ਸਿੰਘ**

**ਮੋ: 98140-53630**

# ਕੰਠ-ਸਾਧਨਾ

**ਡਾ. ਅਮਰਿੰਦਰ ਸਿੰਘ**

ਸੰਗੀਤ ਦਾ ਅਧਾਰ ਧੁਨੀ ਹੈ। ਇਹ ਧੁਨੀ ਸੰਗੀਤ ਉਪਯੋਗੀ ਹੋਣ ਦੇ ਨਾਲ-ਨਾਲ ਮਧੁਰ ਹੋਣੀ ਵੀ ਲਾਜ਼ਮੀ ਹੈ। ਗਾਇਕ ਹਮੇਸ਼ਾ ਆਪਣੀ ਅਵਾਜ਼ ਨੂੰ ਰਿਆਜ਼, ਅਭਿਆਸ ਜਾਂ ਕੰਠ ਸਾਧਨਾ ਨਾਲ ਸੁਰੀਲਾ ਬਣਾਉਂਦਾ ਆਇਆ ਹੈ ਜਿਸ ਨਾਲ ਉਹ ਸ਼ਰੋਤਿਆਂ ਨੂੰ ਆਨੰਦ ਦੀ ਅਨੁਭੂਤੀ ਕਰਵਾਉਦਾ ਹੈ। ਕੰਠ-ਸਾਧਨਾ ਤੋਂ ਭਾਵ ਗਾਇਨ ਵਿਚ ਪ੍ਰਯੋਗ ਹੋਣ ਵਾਲੀ ਆਵਾਜ਼ ਦੇ ਅਵਗੁਣਾਂ ਨੂੰ ਦੂਰ ਕਰਨ ਲਈ ਅਭਿਆਸ ਕਰਨਾ ਹੈ। ਕੰਠ-ਸਾਧਨਾ ਨੂੰ ਅੰਗਰੇਜ਼ੀ ਵਿਚੋ ਵਾਇਸ ਕਲਚਰੋ (Voice Culture) ਕਿਹਾ ਜਾਂਦਾ ਹੈ। ਇਸ ਦੀ ਪਰਿਭਾਸ਼ਾ ਦਿੰਦੇ ਹੋਏ ਕਿਹਾ ਗਿਆ ਹੈ ਕਿ 'Properly trained voice which is useful for music' ਅਰਥਾਤ 'ਸੰਗੀਤ ਉਪਯੋਗੀ ਸਧੀ ਹੋਈ ਅਵਾਜ਼'।

ਪੱਛਮੀ ਦੇਸਾਂ ਵਿਚ ਕੰਠ-ਸਾਧਨਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਰਿਹਾ ਹੈ। ਭਾਰਤੀ ਸੰਗੀਤ ਵਿਚ ਕੰਠ ਦੀ ਸਾਧਨਾ ਨੂੰ ਅਤਿ ਜਰੂਰੀ ਤਾਂ ਮੰਨਿਆ ਗਿਆ ਹੈ ਪਰ ਇਸ ਸਬੰਧੀ ਸੰਗੀਤਕ ਗ੍ਰੰਥਾਂ ਵਿਚ ਕੋਈ ਵਿਸ਼ੇਸ਼ ਚਰਚਾ ਨਹੀਂ ਮਿਲਦੀ। ਭਾਰਤੀ ਸੰਗੀਤ ਦੇ ਗਾਇਕ ਸਮੇਂ-ਸਮੇਂ ਆਪਣੇ ਗੁਰੂਦੇ ਸਨਮੁਖ ਬੈਠ ਕੇ ਯੋਗ ਕੰਠ-ਸਾਧਨਾ ਕਰਦੇ ਆਏ ਹਨ। ਇਹ ਗੱਲ ਸੱਚ ਹੈ ਕਿ ਮਧੁਰ ਅਤੇ ਪ੍ਰਭਾਵਸ਼ਾਲੀ ਕੰਠ ਕੁਦਰਤ ਦੀ ਦੇਣ ਹੈ।ਪਰ ਇਸ ਦੇ ਨਾਲ ਨਾਲ ਸੰਗੀਤਕਾਰਾਂ ਅਤੇ ਧੁਨੀ ਵਿਸ਼ੇਸ਼ਗਾਂ ਦਾ ਇਹ ਮੱਤ ਵੀ ਹੈ ਕਿ ਅਵਾਜ਼ ਪਰਿਵਰਤਨਸ਼ੀਲ ਹੈ। ਦੋਸ਼ ਪੂਰਣ ਜਾਂ ਕੁਦਰਤੀ ਭੱਧੀ ਅਵਾਜ਼ ਨੂੰ ਵੀ ਯੋਗ ਅਭਿਆਸ ਜਾਂ ਕੰਠ-ਸਾਧਨਾ ਨਾਲ ਮਧੁਰ ਅਤੇ ਦੋਸ਼ ਰਹਿਤ ਬਣਾਇਆ ਜਾ ਸਕਦਾ ਹੈ। ਕੰਠ-ਸਾਧਨਾ ਦੇ ਕੁਝ ਵਿਸ਼ੇਸ਼ ਨਿਯਮ ਹਨ ਜਿਨ੍ਹਾਂ ਨੂੰ ਧਿਆਨ ਵਿਚ ਰੱਖਣਾ ਅਤਿ ਜਰੂਰੀ ਹੈ। ਕੰਠ-ਸਾਧਨਾ ਦੇ ਇਨ੍ਹਾਂ ਨਿਯਮਾਂ ਜਾਂ ਤੱਤਾ 'ਤੇ ਚਰਚਾ ਇਸ ਪ੍ਰਕਾਰ ਹੈ।

**ਸੁਰ ਅਭਿਆਸ**

ਕਲਾਕਾਰ ਲਈ ਸੁਰ ਦਾ ਅਭਿਆਸ ਇਕ ਅਤਿ ਜਰੂਰੀ ਤੱਤ ਹੈ। ਭਾਵੇਂ ਇਸ ਸਬੰਧੀ ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਕੋਈ ਵਿਸ਼ੇਸ਼ ਚਰਚਾ ਨਹੀਂ ਮਿਲਦੀ ਪਰ ਇਕ ਯੋਗ ਗੁਰੂਅਨੁਸਾਰ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਲਗਭਗ 4 ਵਜੇ ਸੁਰਾਂ ਦਾ ਅਭਿਆਸ ਸ਼ੁਰੂ ਕਰਨਾ ਚਾਹੀਦਾ ਹੈ। ਸੁਰਾਂ ਦੀ ਸਾਧਨਾ ਕਰਨ ਸਮੇਂ ਮਨ ਇਕਾਗਰਚਿਤ ਰੱਖਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਮੱਧ ਸ਼ੜਜ 'ਤੇ ਅਵਾਜ਼ ਲਗਾਉਣੀ ਚਾਹੀਦੀ ਹੈ। ਇਸ ਉਪਰੰਤ ਮੰਦਰ ਸਪਤਕ ਦੇ ਸੁਰਾਂ ਦਾ ਉਚਾਰਨ (ਨ਼ੀ, ਧ਼, ਪ਼, ਮ਼, ਗ਼) ਆਪਣੀ ਸਮਰੱਥਾ ਮੁਤਾਬਿਕ ਕਰਨਾ ਚਾਹੀਦਾ ਹੈ। ਆਰੰਭ ਵਿਚੋ ਓਮੋ ਦੇ ਅਲਾਪ ਨਾਲ ਵੀ ਸੁਰ ਸਾਧਨਾ ਕੀਤੀ ਜਾ ਸਕਦੀ ਹੈ। ਮੰਦਰ ਸਪਤਕ ਦੇ ਸੁਰ ਅਭਿਆਸ ਸਮੇਂ ਲੰਬੇ ਸੁਰਾਂ ਦਾ ਉਚਾਰਣ ਅਤਿ ਜਰੂਰੀ ਹੈ।ਸੁਰ ਦਾ ਅਭਿਆਸ ਸਹਿਜ ਨਾਲ ਕਰਨਾ ਚਾਹੀਦਾ ਹੈ। ਬਹੁਤਾ ਜ਼ੋਰ ਲਗਾ ਕੇ ਆਵਾਜ਼ ਨਹੀਂ ਕਢਣੀ ਚਾਹੀਦੀ।ਇਸ ਨਾਲ ਸੁਰ ਦੇ ਲਗਾਓ ਵਿਚ ਸਥਿਰਤਾ ਆਉਂਦੀ ਹੈ। ਮੰਦਰ ਸਪਤਕ ਦੇ ਅਭਿਆਸ ਨਾਲ ਅਵਾਜ਼ ਕਈ ਵਿਸ਼ੇਸ਼ ਗੁਣ ਜਿਵੇਂ ਕੰਠ 'ਤੇ ਪੂਰਨ ਅਧਿਕਾਰ ਹੋਣਾ, ਸੁਰ ਗਿਆਨ, ਸਵਾਸ ਲੰਬਾ ਹੋਣਾ ਅਤੇ ਫੇਫੜਿਆ ਦੀ ਕਸਰਤ ਆਦਿ ਗ੍ਰਹਿਣ ਕਰ ਜਾਂਦੀ ਹੈ। ਸਵੇਰ ਦੇ ਰਿਆਜ਼ ਤੋਂ ਬਾਅਦ ਦਿਨ ਸਮੇਂ ਮੱਧ ਸਪਤਕ ਦੇ ਸੁਰਾਂ ਦਾ ਅਭਿਆਸ ਕਰਨਾ ਚਾਹੀਦਾ ਹੈ। ਵੱਧ ਤੋ ਵੱਧ ਅਲੰਕਾਰਾਂ ਦਾ ਅਭਿਆਸ ਕਰਦੇ ਹੋਏ ਫਿਰ ਰਾਗ ਦੇ ਅਭਿਆਸ ਵੱਲ ਵੱਧਣਾ ਚਾਹੀਦਾ ਹੈ। ਸੁਰ ਅਭਿਆਸ ਲਈ ਜ਼ਿਆਦਾਤਰ ਤਾਨਪੁਰੇ ਦਾ ਪ੍ਰਯੋਗ ਹੀ ਕਰਨਾ ਚਾਹੀਦਾ ਹੈ ਜਿਸ ਨਾਲ ਸੁਰ ਗਿਆਨ ਵਿਚ ਪਕਿਆਈ ਅਤੇ ਵਾਧਾ ਹੁੰਦਾ ਹੈ।ਅਜ ਕਲ ਆਵਾਜ਼ ਦੇ

ਲਗਾਓ ਲਈ ਕੰਪਿਊਟਰ ਤੇ ਇੰਟਰਨੈਟ ਰਾਹੀਂ ਵੀ ਜਾਣਕਾਰੀ ਮਿਲਦੀ ਰਹਿੰਦੀ ਹੈ ਉਸ ਦਾ ਵੀ ਲਾਭ ਲੈਣਾ ਚਾਹੀਦਾ ਹੈ।

### ਅਵਾਜ਼ ਦਾ ਸਹੀ ਲਗਾਓ

ਕਲਾਕਾਰ ਨੂੰ ਹਮੇਸ਼ਾ ਸੁਰ ਦੇ ਸਹੀ ਲਗਾਓ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਸੁਰ ਦਾ ਸਹੀ ਸਥਾਨ, ਸਹੀ ਉਚਾਰਣ ਅਤੇ ਸਹੀ ਲਗਾਓ ਗਾਇਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਦਾ ਹੈ। ਇਸ ਤੋਂ ਇਲਾਵਾ ਅਵਾਜ਼ ਦਾ ਉਤਾਰ-ਚੜਾਵ, ਤਿੰਨੋਂ ਸਪਤਕਾਂ ਦੀ ਫਿਰਤ, ਅਵਾਜ਼ ਦਾ ਜ਼ੋਰਦਾਰ ਤੇ ਲਚੀਲਾ ਉਚਾਰਣ ਅਤੇ ਅਵਾਜ਼ ’ਤੇ ਪੂਰਨ ਨਿਯੰਤਰਣ ਆਦਿ ਗੱਲਾਂ ਦਾ ਧਿਆਨ ਅਤਿ ਜਰੂਰੀ ਹੈ। ਸੁਰ ਸੱਚਾ ਅਤੇ ਸਥਿਰ ਹੋਣਾ ਚਾਹੀਦਾ ਹੈ। ਅਣਚਾਹਿਆ ਕੰਪਨ ਅਤੇ ਉਤਰਿਆ ਜਾਂ ਚੜ੍ਹਿਆ ਸੁਰ ਅਵਾਜ਼ ਦੇ ਅਵਗੁਣ ਹਨ। ਸਹੀ ਕੰਠ-ਸਾਧਨਾ ਨਾਲ ਕੰਠ ਨੂੰ ਵਿਸ਼ੇਸ਼ ਗੁਣਾਂ ਦਾ ਧਾਰਨੀ ਬਣਾਇਆ ਜਾ ਸਕਦਾ ਹੈ।

### ਮੁਦਰਾ ਦੋਸ਼

ਕੰਠ ਨੂੰ ਦੋਸ਼ ਰਹਿਤ ਬਣਾਉਣ ਤੋਂ ਬਾਅਦ ਮੁਦਰਾ ਦੋਸ਼ ਵਰਗੇ ਅਵਗੁਣਾਂ ਤੋਂ ਬਚਣਾ ਵੀ ਕਲਾਕਾਰ ਲਈ ਲਾਜ਼ਮੀ ਹੈ। ਗਾਉਂਦੇ ਸਮੇਂ ਹਥਾਂ ਨੂੰ ਮਟਕਾਉਣਾ, ਗਰਦਨ ਨੂੰ ਝਟਕਾਉਣਾ, ਮੂੰਹ ਟੇਢਾ ਕਰਕੇ ਗਾਉਣਾ, ਉਪਰ-ਨਿੱਚੇ ਦੇਖਣਾ ਅਤੇ ਨੱਕ ਵਿਚੋਂ ਗਾਉਣਾ ਆਦਿ ਸਭ ਮੁਦਰਾ ਦੋਸ਼ ਹਨ। ਕਈ ਵਾਰ ਮਝੇ ਹੋਏ ਗਾਇਕਾਂ ਵਿਚ ਵੀ ਇਹ ਦੋਸ਼ ਪਾਏ ਜਾਂਦੇ ਹਨ ਜਿਸ ਨਾਲ ਉਨ੍ਹਾਂ ਦਾ ਗਾਇਨ ਐਸੇ ਅਵਗੁਣਾਂ ਕਾਰਨ ਪ੍ਰਭਾਵਸ਼ਾਲੀ ਨਹੀਂ ਹੋ ਪਾਉਂਦਾ। ਕੰਠ-ਸਾਧਨਾ ਦੇ ਆਰੰਭ ਤੋਂ ਹੀ ਇਨ੍ਹਾਂ ਮੁਦਰਾ ਦੋਸ਼ਾਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।ਚੰਗਾ ਹੋਵੇ ਜੇ ਅਭਿਆਸ ਸ਼ੀਸ਼ੇ ਦੇ ਸਾਹਮਣੇ ਬੈਠ ਕੇ ਆਪਣੀ ਮੁਖ ਮੁਦਰਾ ਦੇਖਦਿਆਂ ਹੋਇਆਂ ਕੀਤਾ ਜਾਵੇ।

### ਸਵਸਥ ਸਰੀਰ

ਵਿਗਿਆਨਕ ਖੋਜ ਨੇ ਇਹ ਸਿੱਧ ਕੀਤਾ ਹੈ ਕਿ ਅਵਾਜ਼ ਉਤਪੰਨ ਕਰਨ ਲਈ ਸਰੀਰ ਦੇ ਵੱਖ-ਵੱਖ ਅੰਗ ਸਹਾਈ ਹੁੰਦੇ ਹਨ। ਕੰਠ-ਸਾਧਨਾ ਦੇ ਨਾਲ-ਨਾਲ ਸਾਨੂੰ ਅਵਾਜ਼ ਉਤਪੰਨ ਕਰਨ ਵਾਲੇ ਸਰੀਰ ਦੇ ਵੱਖ-ਵੱਖ ਅੰਗ ਜਿਵੇਂ ਫੇਫੜੇ, ਸਵਾਸ ਨਲੀ, ਕੰਠ, ਜੀਭ ਅਤੇ ਤਾਲੂਆਦਿ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦੀ ਸਮੱਸਿਆ ਸਮੇਂ ਤੁਰੰਤ ਡਾਕਟਰੀ ਮੁਆਇਨਾ ਕਰਵਾਉਣਾ ਚਾਹੀਦਾ ਹੈ। ਉਪਰੋਕਤ ਅੰਗਾਂ ਦੇ ਸਵਸਥ ਹੋਣ ਅਤੇ ਤਾਲਮੇਲ ਦੁਆਰਾ ਹੀ ਸਹੀ ਅਵਾਜ਼ ਉਤਪੰਨ ਹੁੰਦੀ ਹੈ। ਗਾਇਕ - ਕਲਾਕਾਰ ਨੂੰ ਕੰਠ ਸਾਧਨਾ ਦੇ ਨਾਲ-ਨਾਲ ਅਵਾਜ਼ ਉਤਪੰਨ ਕਰਨ ਵਾਲੇ ਇਨ੍ਹਾਂ ਸੁਰ-ਯੰਤਰਾਂ ਦੀ ਸਵਸਥਤਾ ਵੱਲ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ।

### ਪਰਹੇਜ਼ ਅਤੇ ਉਪਚਾਰ ਔਸ਼ਧੀਆਂ

ਕੰਠ ਅਤੇ ਸਰੀਰ ਨੂੰ ਸਦਾ ਸਿਹਤਮੰਦ ਰੱਖਣ ਲਈ ਪਰਹੇਜ਼ ਲਾਜ਼ਮੀ ਹੈ। ਸਾਧਕ ਨੂੰ ਅੱਛੀ ਸੰਤੁਲਿਤ ਖੁਰਾਕ ਲੈਣੀ ਚਾਹੀਦੀ ਹੈ। ਵਧੇਰੇ ਠੰਢੀਆਂ, ਗਰਮ ਚੀਜ਼ਾਂ, ਜ਼ਿਆਦਾ ਮਿਰਚ, ਖਟਾਈ ਅਤੇ ਨਸ਼ੇ ਆਦਿ ਤੋਂ ਸਦਾ ਪਰਹੇਜ਼ ਕਰਨਾ ਚਾਹੀਦਾ ਹੈ। ਸੁਰ-ਸਾਧਕ ਨੂੰ ਆਪਣੇ ਕੰਠ ਲਈ ਹਮੇਸ਼ਾ ਇਲਾਇਚੀ, ਮੁਲੱਠੀ, ਮਿਸ਼ਰੀ, ਸੌਂਫ, ਲੌਂਗ, ਅਦਰਕ, ਸ਼ਹਿਦ ਅਤੇ ਕਾਲੀ ਮਿਰਚ ਆਦਿ ਔਸ਼ਧੀਆਂ ਦਾ ਸੇਵਨ ਕਰਨਾ ਚਾਹੀਦਾ ਹੈ।

ਕੰਠ-ਸਾਧਨਾ ਦੇ ਉਪਰੋਕਤ ਤੱਤਾਂ ’ਤੇ ਵਿਚਾਰ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਸਹੀ ਕੰਠ-ਸਾਧਨਾ ਤੋਂ ਬਿਨਾ ਗਾਇਕ ਸਫਲਤਾ ਹਾਸਿਲ ਨਹੀਂ ਕਰ ਸਕਦਾ। ਗਾਇਕ ਬਹਰੇ ਵਹੀਦ ਖਾਂ, ਪੰ. ਵਿਨਾਇਕ ਰਾਉ ਪਟਵਰਧਨ ਅਤੇ ਨਰਾਇਣ ਰਾਉ ਵਿਆਸ ਆਦਿ ਸੰਗੀਤ ਜਗਤ ਦੀਆਂ ਐਸੀਆਂ ਉਦਾਹਰਨਾਂ ਹਨ ਜਿਨ੍ਹਾਂ ਦਾ ਕੰਠ ਕੁਦਰਤੀ ਤੌਰ ’ਤੇ ਸੁਰੀਲਾ ਨਹੀਂ ਸੀ ਪਰ ਇਨ੍ਹਾਂ ਨੇ ਸਹੀ ਕੰਠ-ਸਾਧਨਾ ਕਰ ਕੇ ਆਪਣੇ ਕੰਠ ਨੂੰ ਪ੍ਰਭਾਵਸ਼ਾਲੀ ਬਣਾਉਦਿਆਂ ਨਾਮਣਾਂ ਖੱਟਿਆ। ਸਹੀ ਦਿਸ਼ਾ ਵਿਚ ਕੰਠ ਨੂੰ ਰੋਜ਼ ਸਾਧਨਾ ਗਾਇਕ ਲਈ ਅਤਿ ਜਰੂਰੀ ਹੈ ਕਿਉਕਿ ਮਧੁਰ ਕੰਠ ਹੀ ਸ਼ਰੋਤਿਆਂ ਨੂੰ ਆਨੰਦ ਦੀ ਅਵਸਥਾ ਤੱਕ ਲੈ ਜਾ ਸਕਦਾ ਹੈ।

ਤਕਨੀਕੀ ਸਹਾਇਕ, ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਤਬਲਾ ਵਾਦਨ ਵਿਚ ਹਸਤ ਸਾਧਨਾ ਦਾ ਮਹੱਤਵ ਅਤੇ ਇਸ ਦੀ ਵਿਧੀ

**ਡਾ. ਪਰਮਜੀਤ ਸਿੰਘ**

ਕਿਸੀ ਵੀ ਕਲਾ ਵਿਚ ਮੁਹਾਰਿਤ ਹਾਸਿਲ ਕਰਨ ਵਾਸਤੇ ਰਿਆਜ਼ ਕਰਨਾ ਹੀ ਇੱਕੋ ਇਕ ਸਾਧਨ ਹੈ। ਜੇਕਰ ਤਾਲਿਮ ਬੀਜ ਹੈ, ਤੇ ਰਿਆਜ਼ ਉਸ ਬੀਜ ਨੂੰ ਪ੍ਰਫੁਲਿਤ ਕਰਨ ਵਾਸਤੇ ਖਾਦ ਅਤੇ ਪਾਣੀ ਦਾ ਕੰਮ ਕਰਦਾ ਹੈ। ਅਛੀ ਉਪਜਾਊ ਭੂਮੀ ਰੂਪੀ ਹਿਰਦੈ ਵਿਚ ਗੁਰੂ ਤੋਂ ਪ੍ਰਾਪਤ ਤਾਲਿਮ ਰੂਪੀ ਅਛਾ ਬੀਜ ਬੋਣਾ ਅਤੇ ਉਸ ਵਿਚ ਰਿਆਜ ਰੂਪੀ ਖਾਦ ਅਤੇ ਪਾਣੀ ਦੇਣ ਨਾਲ ਸਮਾਂ ਪਾ ਕੇ ਉਹ ਬੀਜ ਬਿਰਖ ਦਾ ਰੂਪ ਧਾਰਣ ਕਰਕੇ ਅਨੇਕਾਂ ਫਲ ਦਿੰਦਾ ਹੈ।

ਅੱਜ ਸਾਡੇ ਸਾਹਮਣੇ ਆਬਾਦੀ ਦਾ ਵਿਸਤਾਰ, ਸਮੇਂ ਦੀ ਕਮੀ ਅਤੇ ਜੀਵਨ ਨੂੰ ਚਲਾਉਣ ਦੀਆਂ ਕਈ ਸਮਸਿਆਵਾਂ ਹਨ। ਇਸ ਲਈ ਜੋ ਰਿਆਜ ਜਾਂ ਹਸਤ੍ਸਾਧਨਾ ਵਾਸਤੇ ਸਾਡੇ ਗੁਰੂਜਨ ਸਮਾਂ ਕਢਦੇ ਸਨ ਉਹ ਅੱਜ ਦੇ ਸਮੇਂ ਵਿਚ ਸੰਭਵ ਨਹੀਂ। ਅਜਕਲ ਵਿਦਿਆਰਥਿਆਂ ਨੂੰ ਸਕੂਲੀ ਪੜਾਈ ਤੋਂ ਬਾਅਦ 5 ਸਾਲਾਂ ਵਿਚ ਐਮ. ਏ. ਦੀ ਪੜਾਈ ਪੂਰੀ ਕਰਨੀ ਹੁੰਦੀ ਹੈ। ਇਸ ਦੋਰਾਨ ਇਹਨਾਂ ਨੂੰ ਸ਼ਾਸਤਰ ਦੀ ਪੜਾਈ ਵੀ ਕਰਨੀ ਹੁੰਦੀ ਹੈ। ਅਤੇ ਕਿਰਿਆਤਮਿਕ ਪੜਾਈ ਕਰਨੀ ਹੁੰਦੀ ਹੈ। ਕਿਰਿਆਤਮਿਕ ਪੜਾਈ ਵਾਸਤੇ ਰਿਆਜ਼ ਜਾਂ ਹਸਤ ਸਾਧਨਾ ਵੀ ਬਹੁਤ ਜਰੂਰੀ ਹੈ। ਪਰ ਜੋ ਸਮਾਂ ਹਸਤ ਸਾਧਨਾ ਨੂੰ ਦੇਣਾ ਚਾਹੀਦਾ ਹੈ ਉਹ ਸਮਾਂ ਵਿਦਿਆਰਥੀ ਨਹੀਂ ਦੇ ਪਾਉਂਦੇ।

ਸੰਗੀਤ ਵਿਚ ਹਸਤ ਸਾਧਨਾ ਸਬਦ ਜਿਆਦਾ ਵਾਦਨ ਸੰਗੀਤ ਨਾਲ ਜੁੜਿਆ ਹੈ। ਜਿਸ ਵਿਚ ਤੰਤੀ ਸਾਜ਼ ਦਿਲਰੁਬਾ, ਇਸਰਾਜ਼, ਸੁਸ਼ਿਰ ਸਾਜ਼ ਹਰਮੋਨੀਅਮ ਅਤੇ ਅਵਨਧ ਸਾਜ਼ ਪਖਾਵਜ, ਜੋੜੀ, ਤਬਲਾ ਆਦਿ ਸਾਜ਼ ਆਉਂਦੇ ਹਨ। ਅਸੀਂ ਇਥੇ ਸਿਰਫ ਤਾਲ ਸਾਜ ਅਰਥਾਰਤ ਤਬਲਾ ਅਤੇ ਪਖਾਵਜ ਦੀ ਹਸਤ ਸਾਧਨਾ ਬਾਰੇ ਹੀ ਵਿਚਾਰ ਕਰਾਂਗੇ।

ਹਸਤ ਸਾਧਨਾ ਵਿਚ ਵਰਣਾ ਦਾ ਨਿਕਾਸ, ਲੈਅਕਾਰੀਆਂ ਦਾ ਅਭਿਆਸ ਅਤੇ ਪੜੰਤ ਕਰਨਾ ਇਹ ਸਾਰੀਆਂ ਕਿਰਿਆਵਾਂ ਹਸਤ੍ਸਾਧਨਾ ਵਿਚ ਆਉਂਦੀਆਂ ਹਨ। ਪਹਿਲੇ ਸਮੇਂ ਵਿਚ ਗਰੂਜਨ ਇਨਾਂ ਤਿਨਾਂ ਗਲਾਂ ਤੇ ਵਿਸ਼ੇਸ ਧਿਆਨ ਦਿੰਦੇ ਸੀ। ਪਰ ਸਵਾਲ ਉਠਦਾ ਹੈ ਕਿ ਜਿਨੀ ਜਲਦੀ ਅਸੀ ਕੋਈ ਬੋਲ ਯਾਦ ਕਰਦੇ ਹਾਂ, ਕਿ ਉਹੀ ਬੋਲ ਉਨੀ ਜਲਦੀ ਹਥ ਨਾਲ ਸਾਜ ਤੇ ਵਜਾਇਆ ਜਾ ਸਕਦਾ ਹੈ? ਇਸ ਦਾ ਉੱਤਰ ਨਹੀਂ ਹੈ, ਕਿਉਂਕਿ ਸਾਡੀਆਂ ਉਂਗਲੀਆਂ ਸਾਡੇ ਦਿਮਾਗ ਦੀ ਚਾਕਰ ਨਹੀਂ, ਇਨ੍ਹਾਂ ਨੂੰ ਅਭਿਆਸ ਕਰਕੇ ਦਿਮਾਗ ਦੇ ਅਨੁਸਾਰ ਬਣਾਇਆ ਜਾ ਸਕਦਾ ਹੈ।

ਤਬਲੇ ਜਾਂ ਪਖਾਵਜ ਦਾ ਰਿਆਜ ਕਰਨ ਦਾ ਜੋ ਪੁਰਾਣਾ ਤਰੀਕਾ ਹੈ, ਉਸ ਢੰਗ ਨਾਲ ਅਗਰ ਰਿਆਜ ਕੀਤਾ ਜਾਵੇ ਤਾਂ ਉਸ ਤੋਂ ਹੋਣ ਵਾਲਾ ਲਾਭ ਵਿਦਿਆਰਥੀ ਆਪ ਹੀ ਮਹਿਸੂਸ ਕਰਨਗੇ। ਉਂਝ ਤਾਂ ਹਸਤ੍ਸਾਧਨਾ ਸੰਬੰਧਿਤ ਕਈ ਗਲਾਂ ਹਨ। ਪਰ ਅਸੀ ਉਨ੍ਹਾਂ ਗੱਲਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਅਤੇ ਜੋ ਲਾਭ ਹੋਣਾ ਹੁੰਦਾ ਹੈ ਉਸ ਤੋਂ ਅਸੀ ਵਾਂਝੇ ਰਹਿ ਜਾਂਦੇ ਹਾਂ। ਇਥੇ ਰਿਆਜ ਕਰਨ ਦੇ ਕੁਝ ਏਸੇ ਢੰਗ ਦੱਸੇ ਜਾ ਰਹੇ ਹਨ ਜਿਸ ਨਾਲ ਇਕ ਅੱਛਾ ਕਲਾਕਾਰ ਬਣਨ ਵਿਚ ਸਹਾਇਤਾ ਮਿਲ ਸਕਦੀ ਹੈ।

ਤਬਲੇ ਜਾ ਪਖਾਵਜ ਦੇ ਰਿਆਜ ਦੇ ਸਮੇਂ ਸਭ ਤੋਂ ਪਹਿਲਾਂ ਧਿਆਨ ਵਿਚ ਰੱਖਣਾ ਹੈ ਕਿ ਇਕ ਚੀਜ ਨੂੰ ਪਹਿਲੇ ਘੱਟ

ਲੈਅ ਵਿਚ ਵਜਾਇਆ ਜਾਏ, ਜਿਸ ਨਾਲ ਬੋਲਾਂ ਵਿਚ ਜਮਾਵਟ ਦੇ ਨਾਲ ਨਾਲ ਸਫਾਈ ਅਤੇ ਵਾਦਨ ਵਿਚ ਪ੍ਰਭਾਵ ਵੀ ਪੈਦਾ ਹੁੰਦਾ ਹੈ।

ਹਸਤ ਸਾਧਨਾ ਨਾਲ ਜਿਹੜੇ ਕਲਾਕਾਰ ਪ੍ਰਭਾਵਸ਼ਾਲੀ ਤਬਲਾ ਵਜਾਉਂਦੇ ਹਨ, ਉਨ੍ਹਾਂ ਵਾਸਤੇ ਕਹਾਵਤ ਹੈ ਕਿ ਮਿਆਂ ਏਸੇ ਬੋਲ ਨਿਕਲ ਰਹੇ ਹੈ ਜੈਸੇ ਗੰਡੇਰੀ ਕਟ ਰਹੀ ਹੈ।

ਰਿਆਜ਼ ਕਰਨ ਸਮੇਂ ਇਕ ਚੀਜ ਨੂੰ ਇਕ ਹੀ ਲੈਅ ਵਿਚ ਘੱਟੋ ਘੱਟ ਇੱਕ ਘੰਟਾ ਬਿਨਾ ਰੁਕੇ ਵਜਾਣਾ ਚਾਹਿਦਾ ਹੈ। ਜਦੋਂ ਉਹ ਚੀਜ ਉਸ ਲੈਅ ਵਿਚ ਬੈਠ ਜਾਏ ਤਾਂ ਥੋੜੀ ਲੈਅ ਵੱਧਾ ਕੇ ਅੱਧਾ ਘੰਟਾ ਉਸ ਚੀਜ ਨੂੰ ਵਜਾਇਆ ਜਾਏ। ਇਸ ਤਰ੍ਹਾਂ ਹਥ ਵਿਚ ਅੱਛੀ ਤਿਆਰੀ ਆ ਜਾਂਦੀ ਹੈ। ਰਿਆਜ ਕਰਨ ਵੇਲੇ ਇਹ ਧਿਆਨ ਰੱਖਣਾ ਚਾਹਿਦਾ ਹੈ ਕਿ ਜਦੋਂ ਰਿਆਜ ਕਰਨ ਦੇ ਦੋਰਾਨ ਹੱਥਾਂ ਵਿਚ ਜਾ ਮੋਡਿਆਂ ਵਿੱਚ ਦਰਦ ਮਹਿਸੂਸ ਹੋਏ ਤਾਂ, ਉਸ ਹਾਲਤ ਵਿਚ ਵੀ ਰਿਆਜ ਨਾ ਛਡਿਆ ਜਾਏ। ਕਿਉਂਕਿ ਦਰਦ ਦੇ ਸਮੇਂ ਰਿਆਜ ਕਰਦੇ ਰਹਿਣ ਨਾਲ ਦਮ੍ਖਮ ਵਿਚ ਵਾਧਾ ਹੁੰਦਾ ਹੈ।

ਹਸਤ ਸਾਧਨਾ ਕਰਦੇ ਸਮੇਂ ਘਟ ਲੈਅ ਵਿਚ ਜੋਰ੍ਜੋਰ ਨਾਲ ਬੋਲਾਂ ਨੂੰ ਵਜਾ ਕੇ ਨਿਕਾਲਣਾ ਚਾਹਿਦਾ ਹੈ। ਤਾ ਕਿ ਜਦੋਂ ਬੋਲਾਂ ਨੂੰ ਤਿਆਰੀ ਨਾਲ ਵਜਾਇਆ ਜਾਏ ਤਾਂ ਬੋਲਾਂ ਵਿਚ ਵਜਨ ਅਤੇ ਸਫਾਈ ਬਰਕਰਾਰ ਰਹੇ।ਸ਼ੁਰੂ ਵਿੱਚ ਤਬਲੇ ਦਾ ਰਿਆਜ ਤੀਨ ਤਾਲ ਵਿਚ ਹੀ ਕਰਨਾ ਚਾਹਿਦਾ ਹੈ ਅਤੇ ਉਸ ਵਿਚ ਹੀ ਕਾਇਦੇ, ਰੇਲੇ, ਗਤਾਂ, ਟੁਕੜੇ ਅਤੇ ਪਰਨਾ ਦਾ ਅਭਿਆਸ ਕਰਨਾ ਚਾਹਿਦਾ ਹੈ। ਤੀਨ ਤਾਲ ਵਿਚ ਜਦੋਂ ਸਾਰੀਆਂ ਚੀਜਾਂ ਦਾ ਅਭਿਆਸ ਹੋ ਜਾਏ ਤਾਂ ਦੂਜਿਆਂ ਤਾਲਾਂ ਵਿਚ ਹੀ ਇਨ੍ਹਾਂ ਕਾਇਦਿਆਂ ਨੂੰ ਹਿਸਾਬ ਨਾਲ ਬਣਾ ਕੇ ਅਭਿਆਸ ਕਰਨਾ ਚਾਹਿਦਾ ਹੈ। ਪਰ ਕਾਇਦਾ ਇਸ ਤਰ੍ਹਾਂ ਬਣਾਇਆ ਜਾਏ ਤਾਕਿ ਉਸ ਦਾ ਮੂਲ ਰੂਪ ਨਾ ਬਿਗੜੇ।

ਹਸਤ ਸਾਧਨਾ ਹਮੇਸ਼ਾ ਵੱਡੇ ਮੂੰਹ ਵਾਲੇ ਤਬਲੇ ਤੇ ਕਰਨੀ ਚਾਹਿਦੀ ਹੈ। ਜਿਸ ਦਾ ਮੂੰਹ ਘਟੋ ਘੱਟ 6 ਤੋਂ 8 ਇੰਚ ਦਾ ਹੋਵੇ। ਇਸ ਨਾਲ ਹੱਥ ਵਿਚ ਤਾਕਤ ਅਤੇ ਬੋਲਾਂ ਵਿਚ ਭਰਾਵਟ ਆਉਂਦੀ ਹੈ। ਇਸ ਵੱਡੇ ਮੂੰਹ ਵਾਲੇ ਤਬਲੇ ਨਾਲ ਡੱਗਾ ਵੀ ਵੱਡੇ ਮੂੰਹ ਵਾਲਾ ਹੋਵੇ ਅਤੇ ਥੋੜਾ ਮੋਟੇ ਚਮੜੇ ਦਾ ਹੋਵੇ, ਤਾਕਿ ਜਦੋਂ ਸਟੇਜ ਤੇ ਵਜਾਇਆ ਜਾਏ ਤਾਂ ਬੜੇ ਆਰਾਮ ਨਾਲ ਤਬਲਾ ਵਾਦਨ ਕੀਤਾ ਜਾ ਸਕਦਾ ਹੈ। ਤਬਲੇ ਜਾਂ ਪਖਾਵਜ ਦੇ ਰਿਆਜ ਵਾਸਤੇ ਸਵੇਰੇ ਦਾ ਸਮਾਂ ਹੀ ਉਤਮ ਮਨਿਆ ਗਿਆ ਹੈ। ਰਿਆਜ ਕਰਨ ਵੇਲੇ ਹੱਥ ਅਤੇ ਮੂੰਹ ਦੀਆਂ ਮੁਦਰਾਵਾਂ ਨਾ ਬਿਗੜਨ ਇਸ ਵਾਸਤੇ ਸ਼ੀਸੇ ਦੇ ਸਾਹਮਣੇ ਬੈਠ ਕੇ ਰਿਆਜ ਕਰਨਾ ਚਾਹਿਦਾ ਹੈ। ਤਬਲੇ ਤੇ ਹੱਥ ਰੱਖਦੇ ਸਮੇਂ ਇਹ ਧਿਆਨ ਰਹੇ ਕਿ ਸਜੇ ਹੱਥ ਦਾ ਅੰਗੂਠਾ ਗਜਰੇ ਤੋਂ ਨੀਚੇ ਨਾ ਜਾਏ ਤੇ ਨਾ ਹੀ ਉਹ ਖੱੜਾ ਰਹੇ। ਅੰਗੂਠੇ ਨੂੰ ਹੱਥ ਦੀ ਉਚਾਈ ਦੇ ਬਰਾਬਰ ਹੀ ਰੱਖਣਾ ਚਾਹਿਦਾ ਹੈ। ਹੱਥ ਦੀ ਛੋਟੀ ਉੱਗਲੀ ਮੁੜਨੀ ਨਹੀਂ ਚਾਹਿਦੀ, ਸਿਧੀ ਰਹਿਣੀ ਚਾਹਿਦੀ ਹੈ। ਖੱਬੇ ਹੱਥ ਦੇ ਬਾਰੇ ਵੀ ਕੁਝ ਧਿਆਨ ਰੱਖਣ ਵਾਲੀਆਂ ਗੱਲਾ ਹਨ ਜਿਸ ਤਰ੍ਹਾਂ ਪਹਿਲੀ ਅਤੇ ਦੂਜੀ ਉਂਗਲੀ ਦੀ ਚਾਲ ਬਰਾਬਰ ਰਹਿਣੀ ਚਾਹਿਦੀ ਹੈ। ਖੱਬੇ ਹੱਥ ਦੀ ਕਲਾਈ ਨੂੰ ਢੀਲਾ ਛੋੜ ਕੇ ਅਤੇ ਦਬਾਅ ਕੇ ਡੱਗੇ ਦੀ ਗੂੰਜ ਨੂੰ ਘੱਟ੍ਵੱਧ ਕੀਤਾ ਜਾ ਸਕਦਾ ਹੈ। ਕਈ ਤਬਲਾ ਵਾਦਕ ਖੱਬੇ ਹੱਥ ਦੀ ਕਲਾਈ ਨੂੰ ਡੱਗੇ ਉੱਤੇ ਘਿਸ ਕੇ ਅਵਾਜ ਕੱਢਦੇ ਹਨ, ਜੋ ਕਿ ਗਲਤ ਢੰਗ ਹੈ, ਕਿਉਂਕਿ ਇਸ ਨਾਲ ਹੱਥ ਤੇ ਗੱਟੇ ਬਣ ਜਾਂਦੇ ਹਨ। ਰਿਆਜ ਕਰਨ ਵੇਲੇ ਚੋਂਕੜੀ ਮਾਰ ਕੇ ਅੱਛੇ ਵਿਚਾਰ ਅਤੇ ਅੱਛੀ ਭਾਵਨਾ ਨਾਲ ਬੈਠਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਚੀਜਾ ਦਾ ਪ੍ਰਭਾਵ ਕਲਾ ਤੇ ਵੀ ਪੈਂਦਾ ਹੈ। ਤਬਲਾ ਇਕ ਸੁਰ ਦਾ ਸਾਜ ਹੈ, ਰਿਆਜ ਕਰਨ ਵੇਲੇ ਧਿਆਨ ਰਹੇ ਕਿ ਤਬਲੇ ਦੀ ਆਸ ਬੰਦ ਨਾ ਹੋਵੇ। ਇਸ ਤਰ੍ਹਾਂ ਉਪਰ ਲਿਖਿਆਂ ਗੱਲਾਂ ਤੇ ਧਿਆਨ ਦੇ ਕੇ ਇਕ ਤਬਲਾ ਵਾਦਕ ਹੱਸਤ੍ਸਾਧਨਾ ਨਾਲ ਇਕ ਅੱਛਾ ਕਲਾਕਾਰ ਬਣ ਸਕਦਾ ਹੈ ਜਿਸਦਾ ਸੰਗੀਤ ਵਿਚ ਬਹੁਤ ਮੱਹਤਵ ਹੈ।

ਤਬਲਾ ਵਾਦਕ (ਰਿਟਾਇਡ) ,

ਸੰਗੀਤ ਵਿਭਾਗ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

**ਪਿਛਲੇ ਅੰਕ ਦੀ ਬਾਕੀ**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼

ਉਸ ਵੇਲੇ ਭਾਈ ਸਾਹਿਬ ਜੀ ਨੇ, ਸ਼ਬਦ (ਸਿਆਮ ਸੁੰਦਰ ਤਜ ਨੀਦ ਕਿਉ ਆਈ) ਅਹੀਰ ਭੈਰਵ ਵਿੱਚ, ਦੂਜਾ ਸ਼ਬਦ (ਐਸੀ ਕਉਨ ਬਿਧੇ ਦਰਸਨ ਪਰਸਨਾ) ਰਾਗ ਮਲਾਰ) ਤੀਜਾ ਸ਼ਬਦ (ਗੁਰ ਪੂਰੇ ਮੇਰੀ ਰਾਖ ਲਈ) ਰਾਗ ਭੈਰਵੀ, ਤੇ ਚੌਥਾ ਸ਼ਬਦ (ਮੇਰੇ ਸੁੰਦਰ ਕਹਹੁ ਮਿਲੈ ਕਤ ਗਲੀ। ਗੁਨਕਲੀ ਵਿਚ। ਸਰਦਾਰ ਜੀ ਨੇ ਸਾਰੇ ਰੀਕਾਰਡ ਕਰ ਲਏ ਅਤੇ ਜੋ ਰੇਡੀਉ ਸਟੇਸ਼ਨ ਦੇ ਵੱਜਦੇ ਸਨ, ਉਹ ਵੀ ਰਿਕਾਰਡ ਕਰ ਲਏ।ਭਾਈ ਸਾਹਿਬ ਦੀ ਗਾਇਕੀ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ ਤੇ ਉਸ ਦਿਨ ਤੋਂ ਬਾਅਦ ਮਸਕੀਨ ਜੀ ਦਾ ਗੁਰਦੁਆਰਾ ਇਮਾਲੀ ਸਾਹਿਬ ਵਿਖੇ ਦੋ ਦਿਨ ਦਾ ਪ੍ਰੋਗਰਾਮ ਸੀ ਤੇ ਉੱਥੇ ਵੀ ਭਾਈ ਸਾਹਿਬ ਜੀ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਸਿੰਘ ਸਭਾ ਦੀ ਕਮੇਟੀ ਨੇ ਗੁਰੂਨਾਨਕ ਸਾਹਿਬ ਜੀ ਦਾ ਗੁਰਪੁਰਬ ਭਾਈ ਸਾਹਿਬ ਨਾਲ ਬੁਕ ਕਰ ਲਿਆ। ਉਸ ਤੋਂ ਬਾਅਦ ਭਾਈ ਸਾਹਿਬ ਜੀ ਦਾ ਰਾਗੀ ਜਥਾ ਤਕਰੀਬਰਨ ਪੰਦਰਾਂ ਵੀਹ ਸਾਲ ਹੀ ਇੰਦੋਰ ਵਿਖੇ ਜਾਂਦਾ ਰਿਹਾ।

ਕਾਨਪੁਰ ਵਿਖੇ ਨੌਜਵਾਨ ਸੇਵਕ ਜਥੇ ਵਲੋਂ ਭਾਈ ਕਰਮ ਸਿੰਘ ਰਤਨ ਜੀ ਨੂੰ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਵਾਸਤੇ 7 ਨਵੰਬਰ 74 ਨੂੰ ਮਨਾਉਣ ਦਾ ਸੱਦਾ ਆਇਆ ਆਇਆ। ਭਾਈ ਕਰਮ ਸਿੰਘ ਰਤਨ ਜੀ 5 ਨਵੰਬਰ ਨੂੰ ਕਾਨਪੁਰ ਪਹੁੰਚ ਗਏ।ਪ੍ਰਸਿੱਧ ਰਬਾਬੀ ਕੀਰਤਨੀਏ ਭਾਈ ਮੋਹਨ ਪਾਲ ਸਿੰਘ ਪ੍ਰਿਥੀਪਾਲ ਸਿੰਘ ਦਾ ਰਾਗੀ ਜਥਾ ਵੀ ਕੀਰਤਨ ਕਰਨ ਲਈ ਪਹੁੰਚਿਆ ਹੋਇਆ ਸੀ ਉਹਨਾਂ ਨੇ ਵੀ ਭਾਈ ਸਾਹਿਬ ਦਾ ਕੀਰਤਨ ਸੁਣ ਕੇ ਕਿਹਾ ਕਿ ਭਾਈ ਕਰਮ ਸਿੰਘ ਰਤਨ, ਤੁਹਾਡੇ ਕੀਰਤਨ ਵਿੱਚ ਬਹੁਤ ਰਸ ਹੈ। ਇਹ ਪ੍ਰੋਗਰਾਮ ਵੀ ਸਫਲਤਾ ਸਹਿਤ ਭੁਗਤਾ ਕੇ ਵਾਪਸ ਮੇਰਠ ਆਏ ਅਤੇ ਉਸ ਤੋਂ ਬਾਅਦ 24 ਨਵੰਬਰ 74 ਨੂੰ ਗੁਰੂ ਨਾਨਕ ਸਾਹਿਬ ਜੀ ਪ੍ਰਕਾਸ਼ ਪੁਰਬ ਸੀ, ਇਹ ਪ੍ਰੋਗਰਾਮ ਪਹਿਲੇ ਹੀ ਇੰਦੌਰ ਗੁਰਦੁਆਰਾ ਇਮਲੀ ਸਾਹਿਬ ਵਿਖੇ ਬੁਕ ਸੀ ਤੇ ਇਸ ਪੁਰਬ ਤੇ ਆਪ ਜੀ 20 ਨਵੰਬਰ ਮੇਰਠ ਤੋਂ ਟ੍ਰੇਨ ਰਾਹੀ 21 ਨਵੰਬਰ ਨੂੰ ਇੰਦੋਰ ਪਹੁੰਚ ਗਏ, ਇਸ ਪ੍ਰੋਗਰਾਮ ਤੇ ਭਾਈ ਕਰਮ ਸਿੰਘ ਰਤਨ ਜੀ ਦੇ ਪਿਤਾ ਜੀ ਵੀ ਨਾਲ ਸਨ, ਉਹ ਸੈਰ ਕਰਨ ਅਤੇ ਗੁਰਦੁਆਰਾ ਓਅੰਕਾਰੇਸ਼ਵਰ ਦੇ ਦਰਸ਼ਨ ਕਰਨ ਲਈ ਨਾਲ ਆਏ ਸਨ, ਸੋ ਭਾਈ ਸਾਹਿਬ ਜੀ 2 ਨਵੰਬਰ ਤੋਂ 27 ਨਵੰਬਰ ਤਕ ਦੀ ਸਭਾ ਤੋਂ ਛੁੱਟੀ ਲੈ ਕੇ ਆਏ ਸਨ ਤੇ 22 ਤਰੀਖ ਨੂੰ ਆਪ ਜੀ ਨੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕੀਤਾ, ਤੇ ਸ: ਬਲਵੰਤ ਸਿੰਘ ਵਕੀਲ ਨੂੰ ਜਦੋਂ ਪਤਾ ਲੱਕਾ ਕਿ ਰਤਨ ਜੀ ਦਾ ਜਥਾ ਆਇਆ ਹੋਇਆ ਹੈ, ਤਾਂ ਉਹਨਾਂ ਨੇ 23 ਤਰੀਖ ਦਾ ਕੀਰਤਨ ਪ੍ਰੋਗਰਾਮ ਆਪਣੇ ਘਰ ਰੱਖ ਲਿਆ ਤੇ 23 ਤਰੀਖ ਸ: ਬਲਵੰਤ ਸਿੰਘ ਦੇ ਘਰ ਫਿਰ ਭਾਈ ਕਰਮ ਸਿੰਘ ਰਤਨ ਜੀ ਨੇ ਕਲਾਸੀਕਲ ਗਾਇਕੀ ਵਿੱਚ ਸ਼ਬਦ ਰਿਕਾਰਡ ਕਰਵਾਏ ਤੇ ਸ. ਬਲਵੰਤ ਸਿੰਘ ਜੀ ਨੇ ਭਾਈ ਸਾਹਿਬ ਜੀ ਦਾ ਬਹੁਤ ਸਨਮਾਨ ਕੀਤਾ, 24 ਤਰੀਖ ਗੁਰਪੁਰਬ ਵਾਲੇ ਦਿਨ ਭਾਈ ਸਾਹਿਬ ਜੀ ਨੂੰ ਚਾਰ ਕੀਰਤਨ ਕਰਨੇ ਪਏ, ਪਹਿਲੇ ਸਵੇਰੇ ਆਸਾ

ਦੀ ਵਾਰ ਦਾ ਕੀਰਤਨ, ਦੁਪਹਿਰ ਫਿਰ ਦੁਬਾਰਾ ਕੀਰਤਨ ਤੇ ਫਿਰ ਰਾਤ ਨੂੰ ਇਮਲੀ ਸਾਹਿਬ ਜਨਮ ਸਮੇਂ ਦਾ ਕੀਰਤਨ ਅਤੇ 25 ਤਰੀਖ ਦਾ ਦਿਨ ਆਪ ਜੀ ਨੇ ਰੈਸਟ ਰੱਖਿਆ ਸੀ ਤੇ 26 ਤਰੀਖ ਦਾ ਸ. ਪ੍ਰੀਤਮ ਸਿੰਘ ਭਾਟੀਆ ਜੀ ਨੇ ਆਪਣੇ ਘਰ ਕੀਰਤਨ ਦਾ ਪ੍ਰੋਗਰਾਮ ਰੱਖਿਆ ਸੀ। ਇੰਦੌਰ ਤੋਂ ਟਰੇਨ ਰਾਹੀ 27 ਤਰੀਖ ਵਾਪਸ ਮੇਰਠ ਪਹੁੰਚ ਗਏ, ਇੰਦੌਰ ਵਿਖੇ ਹੀ ਟਰਾਂਸ ਪੋਰਟ ਨਗਰ ਵਲਿਆਂ ਨੇ ਸੰਨ 1975 ਦੀ ਵੈਸਾਖੀ ਦਾ ਪ੍ਰੋਗਰਾਮ ਬੁੱਕ ਕਰ ਲਿਆ। ਉਸ ਤੋਂ ਬਾਅਦ ਮੇਰਠ ਵਿਖੇ ਸੇਵਾ ਕਰਦਿਆਂ ਹੀ ਭਾਂਈ ਕਰਮ ਸਿੰਘ ਰਤਨ ਜੀ ਦੇ ਘਰ 15 ਦਸੰਬਰ ਸੰਨ 1974 ਨੂੰ ਆਪ ਜੀ ਦੇ ਦੂਸਰੇ ਪੁੱਤਰ ਸਤਬੀਰ ਸਿੰਘ ਦਾ ਜਨਮ ਹੋਇਆ। ਇਹ ਆਪ ਜੀ ਚੌਥੀ ਸੰਤਾਨ ਸੀ।

ਭਾਈ ਸਾਹਿਬ ਦੇ ਜਥੇ ਵਾਰ ਵਾਰ ਮੇਰਠ ਤੋਂ ਬਾਹਰ ਜਾਣ ਤੇ ਗੁਰਦੁਅਰਾ ਕਮੇਟੀ ਨਰਾਜ ਹੋਣ ਲੱਗ ਪਈ ਤੇ ਰਤਨ ਜੀ ਨੇ ਇਹ ਗੱਲ ਮਸਕੀਨ ਸਾਹਿਬ ਨੂੰ ਦੱਸ ਦਿੱਤੀ ਤੇ ਓਧਰ ਦਿਲੀ ਵਿੱਚ ਗੁਰਦੁਆਰਾ ਸਿੰਘ ਸਭਾ ਗਾਂਧੀ ਨਗਰ ਦੇ ਪ੍ਰਬੰਧਕਾਂ ਨੇ ਮਸਕੀਨ ਸਿੰਘ ਜੀ ਨੂੰ ਕਿਹਾ ਤੇ ਸਾਡੀ ਸਭਾ ਵਿੱਚ ਕੋਈ ਵਧੀਆ ਰਾਗੀ ਜਥਾ ਚਾਹੀਦਾ ਹੈ ਤਾਂ ਮਸਕੀਨ ਜੀ ਨੇ ਉਹਨਾਂ ਨੂੰ ਕਿਹਾ, ਕਿ ਭਾਈ ਕਰਮ ਸਿੰਘ ਰਤਨ ਨੂੰ ਸੱਦ ਲਵੋ ਤੇ ਸਭਾ ਨੇ ਰਤਨ ਜੀ ਨੂੰ ਚਿੱਠੀ ਪਾ ਦਿੱਤੀ ਤੇ ਉਹਨਾਂ ਦੀ ਚਿੱਠੀ ਆਉਣ ਤੇ ਭਾਈ ਕਰਮ ਸਿੰਘ ਰਤਨ ਜੀ ਨੇ ਸਿੰਘ ਸਭਾ ਮੇਰਠ ਦੀ ਕਮੇਟੀ ਨੂੰ ਇੱਕ ਮਹੀਨੇ ਦਾ ਅਸਤੀਫਾ ਨੋਟਿਸ ਦੇ ਦਿੱਤਾ ਕਿ ਅਸੀ ਚਲੇ ਜਾਣਾ ਹੈ ਤੁਸੀਂ ਜਥੇ ਦਾ ਪ੍ਰਬੰਧ ਕਰ ਲਵੋ, ਤੇ ਜਦੋਂ ਡਾ. ਕਰਮ ਸਿੰਘ ਜੀ ਨੇ ਨੋਟਿਸ ਦੇ ਦਿੱਤਾ। 15 ਜੁਲਾਈ 1975 ਨੂੰ ਸਿੰਘ ਸਭਾ ਮੇਰਠ ਤੋਂ ਡਿਊਟੀ ਛੱਡ ਦਿੱਤੀ ਤੇ ਇਸ ਤਰ੍ਹਾਂ ਆਪ ਜੀ ਨੇ ਸ੍ਰੀ ਗੁਰੂ ਸਿੰਘ ਸਭਾ ਮੇਰਠ ਵਿਖੇ 1 ਜੂਨ 1972 ਤੋਂ ਲੈ ਕੇ 15 ਜੁਲਾਈ 1975 ਤਕ ਤਕਰੀਬਨ ਤਿੰਨ ਸਾਲ ਤੇ ਇੱਕ ਮਹੀਨਾ ਕੀਰਤਨ ਦੀ ਸੇਵਾ ਕੀਤੀ। ਭਾਈ ਕਰਮ ਸਿੰਘ ਜੀ, ਜਥੇ ਸਮੇਤ 25 ਜੁਲਾਈ 1974 ਨੂੰ ਦਿੱਲੀ ਗਾਂਧੀ ਨਗਰ ਵਿਖੇ ਪਹੁੰਚ ਗਏ, ਕਮੇਟੀ ਨੇ ਭਾਈ ਸਾਹਿਬ ਦੇ ਜਥੇ ਨੂੰ ਕਿਰਾਏ ਤੇ ਕਮਰੇ ਲੈ ਦਿੱਤੇ ਸਨ ਭਾਈ ਕਰਮ ਸਿੰਘ ਰਤਨ ਜੀ ਨੇ 1 ਅਗਸਤ 1975 ਤੋਂ ਸਿੰਘ ਸਭਾ ਗਾਂਧੀ ਨਗਰ ਦਿੱਲੀ ਵਿਖੇ, ਕੀਰਤਨ ਦੀ ਸੇਵਾ ਸ਼ੁਰੂ ਕਰ ਦਿੱਤੀ ਅਤੇ ਗਾਂਧੀ ਨਗਰ ਵਿਖੇ ਆਪ ਜੀ ਦਾ ਰਾਗੀ ਜਥਾ ਚਾਰ ਮੈਂਬਰਾਂ ਦਾ ਹੋ ਗਿਆ, ਭਾਈ ਸਾਹਿਬ ਦੇ ਨਾਲ ਉਹਨਾਂ ਦਾ ਛੋਟਾ ਭਾਈ ਭਾਈ ਹਰਚਰਨ ਸਿੰਘ ਤਾਂ ਤਬਲੇ ਤੈ ਹੈ ਈ ਸੀ ਤੇ ਸਹਾਇਕ ਰਾਗੀ ਡਾ. ਅਵਤਾਰ ਸਿੰਘ ਜੀ ਅਤੇ ਭਾਈ ਮੋਹਨ ਸਿੰਘ ਜੀ ਜੋ ਕਿ ਮੇਰਠ ਤੋਂ ਨੌਕਰੀ ਛੱਡ ਕੇ ਪੰਜਾਬ ਵਾਪਸ ਚਲੇ ਗਏ ਸੀ, ਉਹ ਵੀ ਆ ਕੇ ਕਹਿਣ ਲੱਕੇ ਮੈਂ ਵੀ ਤੁਹਡੇ ਨਾਲ ਲੱਗਣਾ ਹੈ, ਤਾਂ ਰਤਨ ਸਿੰਘ ਜੀ ਨੇ ਕਿਹਾ, ਆ ਜਾਉ ਕੋਈ ਨਹੀਂ, ਜੋ ਮਿਲੇਗਾ ਵੰਡ ਕੇ ਖਾ ਲਵਾਂਗੇ ਤੇ ਸਿੰਘ ਸਭਾ ਗਾਂਧੀ ਨਗਰ ਨੇ ਚਾਰੇ ਸੱਜਣਾ ਨੂੰ ਹੀ ਰੱਖ ਲਿਆ, ਤੇ ਮੋਹਨ ਸਿੰਘ ਘਾਇਲ ਜੀ ਤਾਨਪੂਰਾ ਲੈ ਕੇ ਨਾਲ ਸੰਗਤ ਕਰਨ ਲੱਗ ਪਏ, ਤੇ ਕੀਰਤਨ ਦਾ ਰਸ ਹੋਰ ਵਧ ਗਿਆ।

ਗਿ. ਸੰਤ ਸਿੰਘ ਮਸਕੀਨ ਸਾਹਿਬ ਜੀ ਇਕ ਸਾਲ ਵਿੱਚ ਦੋ ਸਮਾਗਮ ਕਰਦੇ ਸਨ, ਇਕ ਮਾਰਚ ਵਿੱਚ ਵੱਡਾ ਸਮਾਗਮ ਹੁੰਦਾ ਹੈ ਤੇ ਦੂਜਾ ਸਮਾਗਮ ਆਪ ਜੀ ਨਵੰਬਰ ਵਿੱਚ ਕਰਦੇ ਸਨ। ਇਸ ਨੂੰ ਛੋਟਾ ਸਮਾਗਮ ਹਿ ਜਾਂਦਾ ਸੀ, ਇਹ ਸਮਾਗਮ ਆਪ ਜੀ ਆਪਣੀ ਮਾਤਾ ਜੀ ਦੀ ਯਾਦ ਵਿੱਚ ਕਰਦੇ ਸਨ ਤੇ ਭਾ. ਕਰਮ ਸਿੰਘ ਜੀ ਦੇ ਜਥੇ ਨੂੰ ਦਿਲੀ ਗਾਂਧੀ ਨਗਰ ਸੇਵਾ ਕਰਦੇ ਸਮੇ ਇਹ ਛੋਟਾ ਸਮਾਗਮ ਨਵੰਬਰ ਦਾ ਆ ਗਿਆ, ਅਤੇ ਇਸ ਵਾਰ ਮਸਕੀਨ ਜੀ ਨੇ ਰਤਨ ਜੀ ਨੂੰ ਇਸ ਪ੍ਰੋਗਰਾਮ ਵਾਸਤੇ ਪੱਤਰ ਪਾ ਦਿੱਤਾ, ਤੇ ਰਤਨ ਜੀ ਨੇ ਸਭਾ ਨੂੰ ਚਿੱਠੀ ਦਿਖਾ ਕੇ ਅਲਵਰ ਜਾਣ ਲਈ ਛੁੱਟੀ ਲੈ ਲਈ ਤੇ ਆਪ ਜੀ ਅਲਵਰ ਜਥੇ ਸਮੇਤ ਪਹੁੰਚ ਗਏ। ਨਵੰਬਰ 1975 ਵਿੱਚ ਸ. ਅਮਰਜੀਤ ਸਿੰਘ ਸੁਪੁਤ੍ਰ ਮਸਕੀਨ ਸਿੰਘ ਦੇ ਸ਼ਗਨ ਦਾ ਪ੍ਰੋਗਰਾਮ ਸੀ ਅਤੇ ਉਸ ਸ਼ਗਨ ਸਮੇਂ ਆਪ ਜੀ ਨੇ ਬਹੁਤ ਰਸ ਭਿੰਨਾ ਕੀਰਤਨ ਕੀਤਾ ਅਤੇ ਮਸਕੀਨ ਜੀ ਨੇ ਇਸ ਖੁਸ਼ੀ ਭਰੇ ਸਮਾਗਮ ਵਿੱਚ ਬਹੁਤ ਲੋਕ ਸ਼ਾਮਿਲ ਹੋਏ ਸਨ। ਦੀਵਾਨ ਦੀ ਸਮਾਪਤੀ ਤੋਂ ਬਾਅਦ ਕਲਕਤੇ ਇਕ ਸਰਦਾਰ ਸਾਹਿਬ ਮਨਜੀਤ ਸਿੰਘ ਰਤਨ ਜੀ ਨੂੰ ਮਿਲੇ, ਤੇ ਕਹਿਣ ਲੱਗੇ, ਭਾਈ ਸਾਹਿਬ ਜੀ ਆਪ ਜੀ ਦੇ ਕੀਰਤਨ ਦਾ ਬਹੁਤ ਅਨੰਦ ਆਇਆ ਹੈ, ਇਕ ਬੇਨਤੀ ਹੈ ਕਿ ਅਸੀਂ ਅਪ੍ਰੈਲ ਦੇ ਮਹੀਨੇ ਵਿੱਚ ਮਹਾਂਪੁਰਸ਼ਾਂ ਦੀ ਯਾਦ ਵਿੱਚ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਾਲੀਘਾਟ ਕਲਕੱਤਾ ਵਿੱਚ ਇਕ ਪ੍ਰੋਗਰਾਮ ਦੀਵਾਨ ਕਰਦੇ ਹਾਂ, ਜੇ ਤੁਸੀ ਉਸ ਪ੍ਰੋਗਰਾਮ ਵਿੱਚ ਕਲਕੱਤੇ ਦਰਸ਼ਨ ਦੇ ਸਕੋ ਤਾਂ ਸਾਨੂੰ ਬਹੁਤ ਖੁਸ਼ੀ ਹੋਵੇਗੀ ਤਾਂ ਰਤਨ ਜੀ ਨੇ ਕਿਹਾ ਕਿ ਤੁਸੀ ਤ੍ਰੀਕ ਦੱਸ ਦਿਉ, ਅਸੀ ਜਰੂਰ ਪਹੁੰਚਾਗੇ, ਤਾਂ ਉਹਨਾਂ ਨੇ ਦੱਸਿਆ ਕਿ 21 ਅਪ੍ਰੈਲ ਤੋਂ

ਲੈ ਕੇ 24 ਅਪ੍ਰੈਲ 1976 ਨੂੰ ਪ੍ਰੋਗਰਾਮ ਹੈ, ਚਾਰ ਦਿਨ ਦਾ ਤਾਂ ਰਤਨ ਜੀ ਨੇ ਪ੍ਰਵਾਨਗੀ ਦਿੱਤੀ ਕੇ ਅਸੀ 21 ਅਪ੍ਰੈਲ ਨੂੰ ਕਲਕੱਤਾ ਵਿਖੇ ਪਹੁੰਚ ਜਾਵਾਂਗੇ।

ਨੋਟ : ਇਥੇ ਇਹ ਦੱਸਣਾ ਜਰੂਰੀ ਹੈ ਕਿ ਸ. ਮਨਜੀਤ ਸਿੰਘ ਜੀ ਦੀ ਪੱਕੀ ਰਿਹਾਇਸ਼ ਤਾਂ ਕਲਕੱਤੇ ਹੀ ਹੈ, ਪਰ ਫਰੀਦਾਬਾਦ ਵਿਖੇ ਉਹਨਾਂ ਦੀ ਇਕ ਫੈਕਟਰੀ ਵੀ ਹੈ, ਤੇ ਇਸ ਲਈ ਉਹਨਾਂ ਦੀ ਇਕ ਰਿਹਾਇਸ਼ ਦਿਲੀ ਵਿੱਚ ਵੀ ਸੀ।

ਸੋ ਅਲਵਰ ਵਾਲਾ ਪ੍ਰੋਗਰਾਮ ਕਰ ਕੇ ਰਤਨ ਜੀ ਵਾਪਸ ਦਿਲੀ ਆਪਣੀ ਡੀਊਟੀ ਤੇ ਆ ਗਏ, ਅਤੇ ਉਸ ਤੋਂ ਬਾਅਦ ਦਸੰਬਰ 1975 ਵਿੱਚ ਆਪ ਜੀ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਵਾਸਤੇ ਅੰਮ੍ਰਿਤਸਰ ਤੋਂ ਸੱਦਾ ਆ ਗਿਆ ਤੇ ਆਪ ਜੀ ਅੰਮ੍ਰਿਤਸਰ ਗਏ ਤੇ ਗੁਰਦੁਆਰਾ ਮੰਜੀ ਸਾਹਿਬ ਸ਼ਹੀਦੀ ਪੁਰਬ ਤੇ ਕੀਰਤਨ ਕੀਤਾ। ਉਸ ਤੋਂ ਬਾਅਦ ਦਸਮ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਤੇ ਆਪ ਜੀ ਸਿੰਘ ਸਭਾ ਅਲਾਹਾਬਾਦ, 18 ਮਾਰਚ ਤੋਂ 23 ਮਾਰਚ ਤਕ ਅਲਵਰ ਦੇ ਵੱਡੇ ਗੁਰਮਤ ਸਮਾਗਮ ਤੇ ਆਪ ਜੀ ਮਸਕੀਨ ਸਾਹਿਬ ਦੇ ਪਾਸ ਅਲਵਰ ਵਿਖੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ।

ਨੋਟ : ਇਥੇ ਇਹ ਦੱਸਣਾ ਵੀ ਜਰੂਰੀ ਹੈ ਕਿ ਸੰਨ 73 ਵਿੱਚ ਆਪ ਜੀ ਪਹਿਲੀ ਵਾਰ ਅਲਵਰ ਸਮਾਗਮ ਤੇ ਆਏ ਸਨ, ਅਤੇ ਉਸ ਸਮੇਂ ਤੋਂ ਲੈ ਕੇ ਤਿੰਨ ਚਾਰ ਸਾਲਾਂ ਵਿੱਚ ਰਤਨ ਜੀ ਨੇ ਕੁੱਝ ਸ਼ਬਦਾਂ ਦੀਆਂ ਟਿਊਨਾਂ ਬਹੁਤ ਮਸ਼ਹੂਰ ਹੋ ਗਈਆਂ ਸਨ ਅਤੇ ਕੁੱਝ ਸ਼ਬਦ ਮਸਕੀਨ ਜੀ ਨੂੰ ਵੀ ਬਹੁਤ ਪਸੰਦ ਹਨ ਤੇ ਉਹਨਾਂ ਨੇ ਫਰਮਾਇਸ਼ਾਂ ਸੰਗਤਾਂ ਵੱਲੋਂ ਏਨੀਆਂ ਆਉਂਦੀਆਂ ਸਨ, ਕਿ ਚਿੱਟਾਂ ਨਾਲ ਹੀ ਭਾਈ ਸਾਹਿਬ ਦਾ ਵਾਜਾ ਭਰ ਜਾਂਦਾ ਸੀ ਅਤੇ ਉਹ ਕੁਝ ਸ਼ਬਦ ਇਹ ਸਨ, ਜਿਨ੍ਹਾਂ ਦੀ ਸੰਗਤ ਮੰਗ ਕਰਦੀ ਸੀ (1 ਹਰਿ ਕੇ ਨਾਮ ਬਿਨ ਝੂਠੇ ਸਗਲ ਪਸਾਰੇ 2. ਮੋਹਿ ਲਾਗਤੀ ਤਾਲਾ ਬੇਲੀ 3. ਬੋਲਹੁ ਰਾਮ ਕਰੇ ਨਿਸਤਾਰਾ, 4. ਐਸੀ ਕਉਨ ਬਿਧੇ ਦਰਸਨ ਪਰਸਨਾ,

5. ਮੇਰੈ ਮਾਥੈ ਲਾਗੀ ਲੇ ਧੂਰ ਗੋਬਿੰਦ ਚਰਨਨ ਕੀ 6. ਮਿਲ ਰਾਮ ਪਿਆਰਾ ਤੁਮ ਬਿਨ ਧੀਰਜ ਕੋ ਨਾ ਕਰੈ, 7. ਹਉ ਤੁਮਰੀ ਕਰਉ ਨਿ ਆਸ ਪ੍ਰਭ ਮੋਹ ਕਬ ਗਲ ਲਾਵਹਿਗੇ, 8. ਚਾਤ੍ਰਿਕ ਮੋਰ ਬੋਲਤ ਦਿਨ ਰਾਤੀ ਸੁਣਿ ਘਨਹਰ ਕੀ ਘੋਰ, 9. ਰਾਮ ਰਾਮ ਬੋਲਿ ਬੋਲਿ ਖੋਜਤੇ ਵਡਭਾਗੀ, 10. ਮੋਹਿ ਪਰਦੇਸਨਿ ਦੂਰ ਤੇ ਆਈ 11. ਜਾਂ ਤੂੰ ਮੇਰੇ ਵਲ ਹੈ ਤਾਂ ਕਿਆ ਮੁਹਛੰਦਾ, 12. ਵੈਦੋ ਨਾ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮ ਰੇ)

1976 ਦੇ ਵੱਡੇ ਸਮਾਗਮ ਤੇ ਮਸਕੀਨ ਜੀ ਨੇ 1976 ਦੀ ਵੈਸਾਖੀ ਦਾ ਪ੍ਰੋਗਰਾਮ ਸਿੰਘ ਸਭਾ ਲਖਨਊ ਬੁੱਕ ਕਰਵਾ ਦਿੱਤਾ ਸੋ ਰਤਨ ਜੀ ਅਲਵਰ ਦਾ ਪ੍ਰੋਗਰਾਮ ਕਰ ਕੇ ਦਿਲੀ ਵਾਪਸ ਆ ਗਏ।ਅਗਲੇਰੇ ਕੀਰਤਨ ਪ੍ਰੋਗਰਾਮਾਂ ਨੂੰ ਧਿਆਨ ਵਿੱਚ ਰਖਦਿਆਂ ਭਾਈ ਸਾਹਿਬ ਨੇ ਜਥੇ ਨੇ 31 ਮਾਰਚ 76 ਨੂੰ ਗੁਰਦੁਆਰਾ ਸਿੰਘ ਸਭਾ ਗਾਂਧੀ ਨਗਰ ਦਿਲੀ ਦੇ ਕੀਰਤਨ ਦੀ ਸੇਵਾ ਛੱਡ ਦਿੱਤੀ। 1 ਅਗਸਤ 1975 ਤੋਂ ਲੈ ਕੇ 1976 ਤੱਕ ਤਕਰੀਬਨ 8 ਮਹੀਨੇ ਹੀ ਏਥੇ ਸੇਵਾ ਕੀਤੀ ਅਤੇ ਦਿੱਲੀ ਤੋਂ ਨੌਕਰੀ ਛੱਡਣ ਤੋਂ ਬਾਅਦ ਆਪਣੀ ਰਿਹਾਇਸ਼ ਗਾਂਧੀ ਨਗਰ ਦਿੱਲੀ ਹੀ ਰੱਖੀ। ਵੈਸਾਖੀ ਦੇ ਪੁਰਬ ਲਈ 10 ਅਪ੍ਰੈਲ 76 ਨੂੰ ਲਖਨਊ ਗੁਰਦੁਆਰਾ ਸਿੰਘ ਸਭਾ ਨਾਕਾ ਹਿੰਡੋਲਾ ਪਹੁੰਚ ਗਏ, ਤੇ ਲਖਨਊ ਵਿਖੇ 14 ਅਪ੍ਰੈਲ ਤਕ ਵੈਸਾਖੀ ਪੁਰਬ ਦੇ ਪ੍ਰੋਗਰਾਮ ਕੀਤੇ ਤੇ ਲਖਨਊ ਤੋਂ ਹੀ ਟਰੇਨ ਰਾਹੀਂ 16 ਅਪ੍ਰੈਲ ਨੂੰ ਆਪ ਦਾ ਜਥਾ ਬਰਦਵਾਨ ਪਹੁੰਚ ਗਿਆ।ਭਾਈ ਮੋਹਨ ਸਿੰਘ ਘਾਇਲ ਦੀ ਭੈਣ ਜੀ ਦੀ ਲੜਕੀ ਦੀ ਸ਼ਾਦੀ ਸੀ। ਬਰਦਵਾਨ ਵਿਖੇ ਭਾਈ ਮੋਹਨ ਸਿੰਘ ਜੀ ਦੇ ਜੀਜਾ ਸ. ਸੋਹਣ ਸਿੰਘ ਦੀ ਲੜਕੀ ਦੇ ਅਨੰਦ ਕਾਰਜ ਤੇ 18 ਅਪ੍ਰੈਲ ਨੂੰ ਕੀਰਤਨ ਕੀਤਾ। ਉਸ ਤੋਂ ਬਾਅਦ ਆਪ ਜੀ ਦਾ ਜਥਾ 10 ਅਪ੍ਰੈਲ 76 ਨੂੰ ਗੁਰਦੁਆਰਾ ਸਿੰਘ ਸਭਾ ਕਾਲੀ ਘਟ ਕਲਕੱਤਾ ਪਹੁੰਚ ਗਏ ਅਤੇ ਕਲਕੱਤਾ ਸ. ਮਨਜੀਤ ਸਿੰਘ ਕਲਕੱਤਾ ਦੇ ਸੱਦੇ ਤੇ 21 ਅਪ੍ਰੈਲ ਤੋਂ ਲੈ ਕੇ 24 ਅਪ੍ਰੈਲ ਤਕ ਗੁਰਦੁਆਰਾ ਕਾਲੀ ਘਾਟ ਵਿਖੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ।

ਉਸ ਸਮੇਂ ਬਾਬਾ ਜਸਵੰਤ ਸਿੰਘ ਡਾਲਟਨ ਗੰਜ ਵਾਲੇ, ਤਖਤ ਸ੍ਰੀ ਪਟਨਾ ਸਾਹਿਬ ਦੇ ਜਨਰਲ ਸਕੱਤਰ ਸਨ ਅਤੇ ਸ. ਮਨਜੀਤ ਸਿੰਘ ਅਤੇ ਬਾਬਾ ਜਸਵੰਤ ਸਿੰਘ ਜੀ ਗੂਹੜੇ ਮਿੱਤਰ ਸਨ, ਇਕ ਦਿਨ ਮਨਜੀਤ ਸਿੰਘ ਜੀ

ਸਵੇਰ ਦੇ ਸਮੇ ਬਾਬਾ ਜਸਵੰਤ ਸਿੰਘ ਨੂੰ ਨਾਲ ਲੈ ਕੇ ਗੁਰਦੁਆਰਾ ਕਾਲੀ ਘਾਟ ਆ ਗਏ ਤੇ ਉਸ ਸਮੇਂ ਭਾਈ ਕਰਮ ਸਿੰਘ ਰਤਨ ਜੀ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ ਤੇ ਇਹ ਦੋਵੇ ਸੱਜਣ ਕੀਰਤਨ ਸੁਣਨ ਲਈ ਬੈਠ ਗਏ ਤੇ ਤਕਰੀਬਨ ਅੱਧਾ ਘੰਟਾ ਬੈਠ ਕੇ ਕੀਰਤਨ ਸੁਣਿਆ ਤੇ ਫਿਰ ਚਲੇ ਗਏ। ਜਾਣ ਵੇਲੇ ਸਿੰਘ ਸਭਾ ਦੇ ਗ੍ਰੰਥੀ ਸਾਹਿਬ ਨੂੰ ਬਾਬਾ ਜਸਵੰਤ ਸਿੰਘ ਜੀ ਨੇ ਕਿਹਾ ਅੱਜ ਦੁਪਹਿਰ ਦਾ ਪ੍ਰਸ਼ਾਦਾ ਛੱਕਣ ਲਈ ਇਸ ਰਾਗੀ ਜਥੇ ਨੂੰ ਸਾਡੇ ਘਰ ਲੈ ਆਣਾ ਤੇ ਜਦੋਂ ਕੀਰਤਨ ਦੀ ਸਮਾਪਤੀ ਹੋਈ ਤਾਂ ਭਾਈ ਸਾਹਿਬ ਨੇ ਦੱਸਿਆ ਕਿ ਤੁਹਾਡਾ ਪ੍ਰਸ਼ਾਦਾ ਅੱਜ ਬਾਬਾ ਜਸਵੰਤ ਸਿੰਘ ਦੇ ਘਰ ਹੈ ਤੇ ਭਾਈ ਸਾਹਿਬ ਜੀ ਦੁਪਹਿਰੇ ਰਤਨ ਜੀ ਦੇ ਜਥੇ ਨੂੰ ਨਾਲ ਲੈ ਕੇ ਬਾਬਾ ਜਸਵੰਤ ਸਿੰਘ ਦੇ ਘਰ ਪਹੁੰਚ ਗਏ। ਬਾਬਾ ਜਸਵੰਤ ਸਿੰਘ ਨੇ ਭਾਈ ਕਰਮ ਸਿੰਘ ਰਤਨ ਦਾ ਬਹੁਤ ਸਤਿਕਾਰ ਕੀਤਾ ਅਤੇ ਪ੍ਰੇਮ ਨਾਲ ਪ੍ਰਸ਼ਾਦਾ ਛਕਾਇਆ। ਪ੍ਰਸ਼ਾਦਾ ਛਕਣ ਤੋਂ ਬਾਅਦ ਬਾਬਾ ਜੀ ਨੇ ਰਤਨ ਜੀ ਤੋਂ ਪੁਛਿਆ ਭਾਈ ਸਾਹਿਬ ਕਦੇ ਤਖਤ ਪਟਨਾ ਸਾਹਿਬ ਵਿੱਚ ਕੀਰਤਨ ਦੀ ਹਾਜ਼ਰੀ ਭਰੀ ਹੈ ਤਾਂ ਰਤਨ ਜੀ ਨੇ ਕਿਹਾ ਅਸੀ ਦਰਸ਼ਨ ਤਾਂ ਇਕ ਵਾਰ ਕੀਤੇ ਹਨ ਪਰ ਹਾਜ਼ਰੀ ਭਰਨ ਦਾ ਮੌਕਾ ਕਦੇ ਨਹੀਂ ਮਿਲਿਆ ਤਾਂ ਬਾਬਾ ਜੀ ਨੇ ਕਿਹਾ ਕਿ ਇਸ ਵਾਰ ਤਖਤ ਸ੍ਰੀ ਪਟਨਾ ਸਾਹਿਬ ਕੀਰਤਨ ਦੀ ਹਾਜ਼ਰੀ ਭਰ ਕੇ ਜਾਉ। ਤਾਂ ਰਤਨ ਜੀ ਨੇ ਕਿਹਾ , ਸਤਿ ਬਚਨ ਜੀ, ਇਸ ਵਾਰ ਹਾਜ਼ਰੀ ਭਰ ਕੇ ਹੀ ਜਾਵਾਂਗੇ, ਤਾਂ ਬਾਬਾ ਜਸਵੰਤ ਸਿੰਘ ਨੇ ਕਿਹਾ, ਕਿ ਮੈਂ ਤੁਹਾਡੀਆਂ ਰੇਲ ਦੀਆ ਸੀਟਾਂ ਬੁੱਕ ਕਰਵਾ ਦਿੰਦਾਂ ਹਾਂ ਤੇ ਤੁਸੀ ਪਹੁੰਚ ਜਾਣਾ। ਪਰ ਬਾਬਾ ਜੀ ਨੇ ਇਹ ਨਹੀਂ ਦੱਸਿਆ ਕਿ ਮੈ ਹੀ ਪਟਨਾ ਦਾ ਜਨਰਲ ਸਕਤਰ ਹਾਂ ਤੇ ਭਾਈ ਕਰਮ ਸਿੰਘ ਰਤਨ ਜੀ ਕਲਕੱਤਾ ਸਿੰਘ ਸਭਾ ਪ੍ਰੋਗਰਾਮ ਕਰ ਕੇ ਪਟਨਾ ਸਾਹਿਬ ਪਹੁੰਚ ਗਏ।

ਆਪ ਜੀ ਦਾ ਜਥਾ ਜਦੋਂ ਪਟਨਾ ਸਾਹਿਬ ਪਹੁੰਚ ਗਿਆ ਤਾਂ ਮੈਨੇਜਰ ਸਾਹਿਬ ਨੇ ਸਤਿਕਾਰ ਕੀਤਾ ਤੇ ਆਪ ਜੀ ਨੂੰ ਰਿਹਾਇਸ਼ ਦਿੱਤੀ ਅਤੇ ਉਨ੍ਹਾਂ ਨੇ ਕਿਹਾ, ਅਜ ਸ਼ਾਮ ਦੀ ਸੋਦਰ ਦੀ ਚੌਂਕੀ ਅਤੇ ਸਵੇਰੇ ਆਸਾ ਦੀ ਵਾਰ ਦਾ ਕੀਤਰਨ ਆਪ ਜੀ ਹਾਜ਼ਰੀ ਭਰੋ ਤਾਂ ਰਤਨ ਜੀ ਬੜੇ ਸ਼ਰਧਾ ਅਤੇ ਭਾਵਨਾ ਨਾਲ ਦਸ਼ਮੇਸ਼ ਪਿਤਾ ਦੇ ਜਨਮ ਸਥਾਨ ਤੇ ਦੋਵੇ ਟਾਈਮ ਕੀਰਤਨ ਦੀ ਹਾਜ਼ਰੀ ਭਰੀ (26 ਅਪ੍ਰੈਲ ਸੰਨ 1976) ਨੂੰ ਅਤੇ ਜਦੋਂ ਆਪ ਜੀ ਦੀਵਾਨ ਦੀ ਸਮਾਪਤੀ ਤੋਂ ਬਾਅਦ ਬਾਹਰ ਆਏ ਤਾਂ ਸੇਵਾਦਾਰ ਨੇ ਆ ਕੇ ਕਿਹਾ ਭਾਈ ਸਾਹਿਬ ਜੀ ਆਪ ਜੀ ਨੂੰ ਦਫਤਰ ਵਿੱਚ ਬੁਲਾਇਆ ਹੈ ਤਾਂ ਰਤਨ ਜੀ ਦਫਤਰ ਵਿੱਚ ਪਹੁੰਚ ਗਏ ਤੇ ਸਭ ਤੋਂ ਪਹਿਲਾਂ ਤਾਂ ਆਪ ਜੀ ਦੇ ਜਥੇ ਨੂੰ ਚਾਹ ਪਾਣੀ ਦਾ ਨਾਸ਼ਤਾ ਕਰਵਾਇਆ ਅਤੇ ਥੋਹੜੀ ਦੇਰ ਬਾਅਦ ਮੈਨੇਜਰ ਸਾਹਿਬ ਜੀ ਵੀ ਆ ਗਏ, ਅਤੇ ਉਸ ਤੋਂ ਬਾਅਦ ਰਤਨ ਜੀ ਨੂੰ ਪਤਾ ਲੱਗਾ ਕਿ ਬਾਬਾ ਜਸਵੰਤ ਸਿੰਘ ਜੀ ਜਨਰਲ ਸਕੱਤਰ ਹਨ ਤੇ ਬਾਬਾ ਜੀ ਨੇ ਭਾਈ ਸਾਹਿਬ ਦਾ ਸਤਕਾਰ ਕੀਤਾ ਤੇ ਸੁੱਖ ਸਾਂਦ ਪੁੱਛਣ ਤੋਂ ਬਾਅਦ ਬਾਬਾ ਜੀ ਨੇ ਮੈਨੇਜਰ ਸਾਹਿਬ ਨੂੰ ਕਿਹਾ, ਇਕ ਉਪਾਇੰਟਮੈਂਟ ਲੈਟਰ ਲਿਖੋ। ਤੇ ਰਤਨ ਜੀ ਨੇ ਪੁਛਿਆ ਕਿ ਕਿਸ ਦਾ ਅਪਾਇੰਟਮੈਂਟ ਲੈਟਰ ਲਿਖਵਾ ਰਹੇ ਹੋ। ਅਸੀ ਆਪ ਜੀ ਦੇ ਰਾਗੀ ਜਥੇ ਨੂੰ ਅੱਜ ਤੋਂ ਹੀ ਕੀਰਤਨ ਦੀ ਸੇਵਾ ਵਾਸਤੇ ਤਖਤ ਸ੍ਰੀ ਪਟਨਾ ਸਾਹਿਬ ਵਿੱਚ ਰੱਖ ਲਿਆ ਹੈ। ਤਾਂ ਰਤਨ ਜੀ ਨੇ ਕਿਹਾ ਕਿ ਇਹ ਕਿਵੇਂ ਹੋ ਸਕਦਾ ਹੈ, ਆਪ ਜੀ ਨੇ ਸਾਡੇ ਨਾਲ ਹਾਲੇ ਕੋਈ ਗੱਲਬਾਤ ਨਹੀਂ ਕੀਤੀ, ਐਵੇ ਹੀ ਕਿਵੇਂ ਰੱਖ ਲਵੋਗੇ ਤਾਂ ਬਾਬਾ ਜਸਵੰਤ ਸਿੰਘ ਜੀ ਨੇ ਕਿਹਾ ਗੱਲਬਾਤ ਹੁਣ ਕਰ ਲੈਂਦੇ ਹਾਂ। ਪਰ ਅਸੀਂ ਇਹ ਤੁਹਾਨੂੰ ਦੱਸ ਦੇਂਦੇ ਹਾਂ ਅਸੀਂ ਆਪ ਜੀ ਨੂੰ ਹੁਣ ਇਥੋਂ ਕਿਸੇ ਵੀ ਕੀਮਤ ਤੇ ਜਾਣ ਨਹੀਂ ਦੇਣਾ ਤਾਂ ਰਤਨ ਜੀ ਨੇ ਪੁਛਿਆ, ਦਸੋ ਫਿਰ ਸਾਡੀ ਕੀ ਸੇਵਾ ਕਰੋਗੇ ਤੇ ਬਾਬਾ ਜੀ ਨੇ ਕਿਹਾ ਇਸ ਵੇਲੇ ਸਾਡੇ ਪਾਸ ਤੋਂ ਪੁਰਾਣਾ ਰਾਗੀ ਜਥਾ ਭਾਈ ਜੋਗਿੰਦਰ ਸਿੰਘ ਜੀ ਦਾ ਹੈ। ਉਹਨਾਂ ਨੂੰ ਅਸੀਂ ਚਾਰ ਹਜਾਰ ਰੁਪਏ ਤਨਖਾਹ ਦੇ ਰਹੇ ਹਾਂ ਅਤੇ ਏਹੀ ਤੁਹਾਨੂੰ ਵੀ ਦਿਆਂਗੇ। ਬਾਕੀ ਏਥੇ ਉਪਰਲੀ ਆਮਦਨ ਸਾਰੀ ਤਖਤ ਸਾਹਿਬ ਦੀ ਹੁੰਦੀ ਹੈ। ਅਤੇ ਰਿਹਾਇਸ਼ ਅਤੇ ਲੰਗਰ ਫ਼ਰੀ ਹੈ। ਤਾਂ ਰਤਨ ਜੀ ਨੇ ਕਿਹਾ ਕਿ ਇਹ ਤਨਖਾਹ ਵਾਰਾ ਨਹੀਂ ਖਾਂਦੀ ਤਾਂ ਬਾਬਾ ਜੀ ਨੇ ਕਿਹਾ ਚਲੋ ਕੁਝ ਦਿਨ ਸੇਵਾ ਕਰੋ, ਫਿਰ ਇਕ ਦੋ ਮਹੀਨਿਆਂ ਬਾਦ ਵਧਾ ਦਿਆਂਗੇ, ਤਾਂ ਭਾਈ ਸਾਹਿਬ ਦੇ ਸਾਥੀਆਂ ਨੇ ਸਲਾਹ ਦਿੱਤੀ, ਠੀਕ ਹੈ ਸੇਵਾ ਲੈ ਲਵੋ, ਫਿਰ ਬਾਦ ਵਿੱਚ ਆਪੇ ਹੀ ਤਨਖਾਹ ਵਧਾ ਦੇਣਗੇ। ਸੋ 26 ਅਪ੍ਰੈਲ 1976 ਤੋਂ ਆਪ ਜੀ ਨੇ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਸੇਵਾ ਸ਼ੁਰੂ ਕਰ ਦਿੱਤੀ। (ਚੱਲਦਾ)–

42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸਨ,
ਨਵੀਂ ਦਿੱਲੀ 110041, ਮੋਬਾ : 09968231247

# ਆਸਾਵਰੀ

## ਝਪ ਤਾਲ

ਹਰਿਭਜਨ ਸਿੰਘ(ਮੋ. +91-93161 36268)

ਥਾਟ : ਆਸਾਵਰੀ: ਓਡਵ : ਸੰਪੂਰਣ ਵਰਜਿਤ-ਅਵਰੋਹ - ਅਵਰੋਹ ਵਿਚ, ਗੁ ਤੇ ਨੁ,
ਵਾਦੀ : ਧੁ, ਸੰਵਾਦੀ ਗੁ ॥ ਸਮਾਂ : ਦਿਨ ਦੂਸਰਾ ਪਹਿਰ ॥
ਆਰੋਹ : ਸ ਰ ਮ ਪ ਧੁ ਸੰ॥
ਅਵਰੋਹ : ਸ ਨੁ ਧੁ ਪ ਮ ਗੁ ਰ ਸ ॥
: ਸ, ਰਮਪ, ਨੁ ਧੁ, ਨੁ ਧੁ, ਪ, ਮ ਪ ਧੁ ਗੁ, ਰ, ਸ ॥

ਸਥਾਈ :-

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| x | | 2 | | | 0 | | 3 | | | x | | 2 | | | 0 | | 3 | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਸ | - | ਮ | - | ਮ | ਪ | - | ਪ | - | ਮ | ਧੁ | - | ਧੁ | - | ਪ | ਨੁਧੁ | - | ਪ | - | ਮ |
| ਹੇ | s | ਰ | s | ਵਿ | ਹੇ | s | ਸ | s | ਸਿ | ਹੇ | s | ਕ | s | ਕ | ਣਾ | s | ਨਿ | s | ਧ |
| ਧੁ | - | ਪ | - | ਧੁ | ਮ | ਪ | ਗੁ | - | ਰ | ਗੁ | - | ਮ | - | ਰਸ | ਰ | - | ਸ | - | - |
| ਮੇ | s | ਰੀ | s | ਅ | ਬੈ | s | ਬਿ | s | ਨ | ਤੀ | s | ਸੁ | s | ਨ | ਲੀ | s | ਜੈ | s | s |
| | | | | | | | | | | | | | | | | | | | |
| ਮ | ਪ | ਧੁ | - | ਪਧੁ | ਸੰ | - | ਸੰ | - | ਸੰ | ਧੁ | ਧੁ | ਸੰ | - | ਰ | ਸੰਰੰ | ਗੁੰ | ਗੁੰਰੰ | ਸੰਧੁ | ਪ |
| ਐ | s | ਰ | s | ਨs | ਮਾਂ | s | ਗ | s | ਤ | ਹ | ਉ | ਤੁ | s | ਮ | ਤੇ | s | ਕs | ss | ਛ |
| ਧੁ | - | ਪ | - | ਧੁ | ਮ | ਪ | ਗੁ | - | ਰ | ਗੁ | - | ਮ | - | ਰਸ | ਰ | - | ਸ | - | - |
| ਚਾ | s | ਹ | s | ਤ | ਹੋਂ | s | ਚਿ | s | ਤ | ਮੈ | s | ਸੋ | s | ਈ | ਕੀ | s | ਜੋ | s | s |
| ਸ | - | ਮ | - | ਮ | ਪ | - | ਪ | - | ਪ | ਮਗੁ | - | ਗੁ | - | ਮ | ਰ | - | ਸ | - | ਸ |
| ਸ਼ | s | ਸਤ੍ਰ | s | ਨ | ਸੋਂ | s | ਅ | s | ਤਿ | ਹੀ | s | ਰ | s | ਛ | ਡੀ | s | ਤ | s | ਰ |
| ਸ | - | ਮ | - | ਮ | ਪ | - | ਪ | - | ਮ | ਪਧੁ | - | ਧੁ | - | ਪ | ਧੁ | - | ਪ | - | ਮ |
| ਜੂ | s | ਝ | s | ਮ | ਰੋਂ | s | ਤਉ | s | s | ਸਾ | s | ਚ | s | ਪ | ਤੀ | s | ਜੋ | s | s |
| | | | | | | | | | | | | | | | | | | | |
| ਮ | ਪ | ਨੁਧੁ | - | ਪਧੁ | ਸੰ | - | ਸੰ | - | -ਸੰ | ਧੁ | - | ਸੰ | - | ਰੰ | ਸੰਰੰ | ਗੁੰ | ਗੁੰਰੰ | ਸੰਧੁ | ਪ |
| ਸੰ | s | ਤ | s | sਸ | ਹਾ | ਤ | ਇ | ਤ | ਤਸ | ਦਾ | s | ਕਾ | s | ਗ | ਮਾ | s | ਇs | ss | ਕ੍ਰਿ |
| ਧੁ | - | ਪ | - | ਧੁ | ਮ | ਪ | ਗੁ | - | ਰ | ਗੁ | - | ਮ | - | ਰਸ | ਰ | - | ਸ | - | - |
| ਪਾ | s | ਕ | s | ਰ | ਸਯਾ | s | ਮ | s | ਇ | ਹੈ | s | ਬ | s | ਜ | ਦੀ | s | ਜੈ | s | s |
| | | | | | | | | | | | | | | | | | | | |

# ਡੀਨ ਅਕਾਦਮਿਕ

ਡਾ. ਗੁਰਨਾਮ ਸਿੰਘ



ਵਿਸ਼ਵ ਵਿਖਿਆਤ ਗੁਰਮਤਿ ਸੰਗੀਤ ਵਿਦਵਾਨ, ਕੀਰਤਨੀਏ ਅਤੇ ਅਕਾਦਮੀਸ਼ੀਅਨ ਡਾ. ਗੁਰਨਾਮ ਸਿੰਘ ਨੂੰ ਪੰਜਾਬੀ ਯੂਨੀਵਰਸਿਟੀ ਵਿਖੇ ਡੀਨ, ਅਕਾਦਮਿਕ ਮਾਮਲੇ ਵਜੋਂ ਨਿਯੁਕਤ ਕੀਤਾ ਗਿਆ ਹੈ। ਯੂਨੀਵਰਸਿਟੀ ਅਕਾਦਮਿਕਤਾ ਵਿਚ ਸਾਡੇ ਸਾਰਿਆਂ ਲਈ ਇਹ ਮਾਣ ਭਰਪੂਰ ਪ੍ਰਾਪਤੀ ਹੈ। ਆਪ ਪਿਛਲੇ 33 ਸਾਲਾਂ ਤੋਂ ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਨਾਲ ਬਤੌਰ ਪ੍ਰੋਫੈਸਰ, ਮੁਖੀ, ਡੀਨ ਤੇ ਵਿਜ਼ਟਿੰਗ ਪ੍ਰੋਫੈਸਰ ਵਜੋਂ ਜੁੜੇ ਹੋਏ ਹਨ।

ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ,, ਪੰਜਾਬੀ ਯੂਨੀਵਰਸਿਟੀ ਦੇ ਫਾਊਂਡਰ ਪ੍ਰੋਫੈਸਰ ਤੇ ਮੁਖੀ ਹੋਣ ਦੇ ਨਾਲ-ਨਾਲ ਡਾ.ਗੁਰਨਾਮ ਸਿੰਘ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗਾਂ ਦਾ ਗਾਇਨ ਕਰਨਾ ਇਕ ਇਤਿਹਾਸਕ ਉਪਲਬੱਧੀ ਰਹੀ ਹੈ ਜਿਸ ਨੂੰ ਐਚ.ਐਮ.ਵੀ. ਕੰਪਨੀ ਨੇ ਰਿਕਾਰਡ ਕੀਤਾ। ਆਪ ਵਲੋਂ ਖੋਜ ਪੱਤਰ ਔਕਸਫੋਰਡ ਯੂਨੀਵਰਸਿਟੀ ਪ੍ਰੈਸ ਵਲੋਂ ਸਿੱਖ ਮਿਊਜ਼ਿਕ ਵਜੋਂ ਪ੍ਰਕਾਸ਼ਤ ਕੀਤਾ ਗਿਆ ਹੈ। ਡਾ. ਗੁਰਨਾਮ ਸਿੰਘ ਦੇ ਯਤਨਾਂ ਸਦਕਾ ਯੂ.ਐਸ.ਏ. ਅਤੇ ਕੈਨੇਡਾ ਵਿਖੇ ਗੁਰਮਤਿ ਸੰਗੀਤ ਦੇ 08 ਆਨ ਲਾਈਨ ਸਟੱਡੀ ਸੈਂਟਰ ਸਥਾਪਤ ਕੀਤੇ ਜਾ ਚੁਕੇ ਹਨ।

ਡਾ. ਗੁਰਨਾਮ ਸਿੰਘ ਨੇ 18 ਪੁਸਤਕਾਂ, 123 ਖੋਜ ਪੱਤਰ, 250 ਤੋਂ ਵੱਖ ਖੋਜ ਆਰਟੀਕਲਜ਼ ਪ੍ਰਕਾਸ਼ਤ ਕੀਤੇ ਜਾ ਚੁਕੇ ਹਨ। ਵਰਤਮਾਨ ਸਮੇਂ ਗੁਰਮਤਿ ਸੰਗੀਤ ਸੰਦਰਭ ਕੋਸ਼ ਦੇ ਮੁੱਖ ਸੰਪਾਦਕ ਅਤੇ ਇਨਸਾਈਕਲੋਪੀਡੀਆ ਆਫ ਸਿਖ ਮਿਊਜ਼ਿਕ ਦੇ ਚੀਫ਼ ਐਡੀਟਰ ਵਜੋਂ ਵੀ ਕਾਰਜ ਕਰ ਰਹੇ ਹਨ। ਸੰਖੇਪ ਵਿਚ ਡਾ. ਸਿੰਘ ਇਕ ਕੁਸ਼ਲ ਅਧਿਆਪਕ, ਵਿਦਵਾਨ, ਕੀਰਤਨਕਾਰ, ਮਿਊਜ਼ਿਕ ਡਾਇਰੈਕਟਰ, ਪ੍ਰਬੰਧਕ ਅਤੇ ਵਿਸ਼ਵ ਵਿਖਿਆਤ ਅਕਾਦਮਿਕ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੇ ਮੈਂਬਰ ਹਨ। ਡਾ. ਗੁਰਨਾਮ ਸਿੰਘ ਨੂੰ ਪੰਜਾਬ ਸਰਕਾਰ ਵਲੋਂ ਸਟੇਟ ਐਵਾਰਡ, ਸੰਗੀਤ ਨਾਟਕ ਅਕਾਦਮੀ ਵਲੋਂ ਸੀਨੀਅਰ ਫੈਲੋਸ਼ਿਪ ਅਤੇ ਹਰਵਲੱਭ ਸੰਗੀਤ ਮਹਾਸਭਾ ਵਲੋਂ ਵਿਸ਼ੇਸ਼ ਸਨਮਾਨ ਸਮੇਤ ਰਾਸ਼ਟਰੀ ਅੰਤਰ ਰਾਸ਼ਟਰੀ ਸੰਸਥਾਵਾਂ ਵਲੋਂ ਵਿਸ਼ੇਸ਼ ਰੂਪ ਵਿਚ ਸਨਮਾਨਿਤ ਕੀਤਾ ਜਾ ਚੁਕਾ ਹੈ। ਡਾ. ਗੁਰਨਾਮ ਸਿੰਘ ਨੇ ਚਾਰ ਡਾਕੂਮੈਂਟਰੀਜ਼ ਅਤੇ ਸੰਤ ਸੁੱਚਾ ਸਿੰਘ ਆਰਕਾਈਵਜ਼ ਆਫ਼ ਮਿਊਜ਼ਿਕ ਲਈ ਸ਼ਾਸਤਰੀ ਸੰਗੀਤ, ਲੋਕ ਸੰਗੀਤ ਅਤੇ ਗੁਰਮਤਿ ਸੰਗੀਤ ਦੀਆਂ 22 ਰਿਕਾਰਡਿੰਗਜ਼ ਕਰਵਾਈਆਂ ਹਨ। ਪੰਜਾਬੀ ਯੂਨੀਵਰਸਿਟੀ, ਭਾਸ਼ਾ ਵਿਭਾਗ ਅਤੇ ਆਲ ਇੰਡੀਆ ਰੇਡੀਓ, ਪਟਿਆਲਾ ਤੇ ਜਲੰਧਰ ਲਈ ਆਪ ਨੇ ਛੇ ਸਿਗਨੇਚਰ ਟਿਊਨਜ਼ ਵੀ ਤਿਆਰ ਕੀਤੀਆਂ ਹਨ। ਪੰਜਾਬੀ ਯੂਨੀਵਰਸਿਟੀ ਦੀ ਫੈਕਲਟੀ, ਕਰਮਚਾਰੀਆਂ, ਵਿਦਿਆਰਥੀਆਂ ਅਤੇ ਵੱਖ ਵੱਖ ਖੇਤਰ ਦੀਆਂ ਸ਼ਖਸੀਅਤਾਂ ਵਲੋਂ ਡਾ. ਗੁਰਨਾਮ ਸਿੰਘ ਨੂੰ ਵਧਾਈ ਦਿਤੀ ਗਈ। ਡਾ. ਗੁਰਨਾਮ ਸਿੰਘ ਨੇ ਡੀਨ, ਅਕਾਦਮਿਕ ਮਾਮਲੇ ਨਿਯੁਕਤ ਹੋਣ ਲਈ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਦਾ ਧੰਨਵਾਦ ਕੀਤਾ। ਡਾ. ਗੁਰਨਾਮ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਵਿਕਾਸ ਦੀ ਪੂਰਤੀ ਨੂੰ ਮੂਲ ਰੂਪ ਵਿਚ ਸਮਰਪਿਤ ਹੋਰ ਕਾਰਜ ਕਰਨ ਦੀ ਵਚਨਬੱਧਤਾ ਪ੍ਰਗਟਾਈ।

Postal Regd. No. CH/0045/2015-2017 RNI Regd.No. 46788/89 ISSN 0972-2335